# ਸਿੱਜਦਾ
# ਕਾਵਿ ਸੰਗ੍ਰਹਿ

**ਸੰਪਾਦਕ:- ਡਾ: ਇੰਦਰਜੀਤ ਕੌਰ**


ਪ੍ਰਕਾਸ਼ਕ:- ਡਾ: ਇੰਦਰਜੀਤ ਕੌਰ
ਪ੍ਰਧਾਨ
ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੁਸਾਇਟੀ (ਰਜਿ:)
ਅੰਮ੍ਰਿਤਸਰ ।
ਫ਼ੋਨ : 0183-2584586, 2584713, ਫ਼ੈਕਸ : 0183-2584586
website : www.pingalwara.co
E-mail : pingalwara 57@gmail.com



ਪਹਿਲੀ ਵਾਰੀ ਛਪੀ 10,000


- ਪਿੰਗਲਵਾੜਾ ਨੂੰ ਭੇਜੇ ਹੋਏ ਦਾਨ ਉੱਪਰ ਸੈਕਸ਼ਨ 80-G ਇਨਕਮ ਟੈਕਸ ਐਕਟ ਦੀ ਧਾਰਾ 1961 ਅਧੀਨ ਟੈਕਸ ਦੀ ਛੋਟ ਪ੍ਰਾਪਤ ਹੈ ।
- The donations made to Pingalwara are exempted from Income Tax under Section 80-G of I.T. Act 1961.

***ਮੁਫ਼ਤ ਭੇਟਾ***


**ਪ੍ਰਕਾਸ਼ਕ :- ਡਾ: ਇੰਦਰਜੀਤ ਕੌਰ**
**ਪ੍ਰਧਾਨ**
ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੁਸਾਇਟੀ (ਰਜਿ :)
ਅੰਮ੍ਰਿਤਸਰ ।
ਛਾਪਕ :
ਪੂਰਨ ਪ੍ਰਿੰਟਿੰਗ ਪ੍ਰੈਸ,
ਪਿੰਗਲਵਾੜਾ (ਮਾਨਾਂਵਾਲਾ ਕੰਪਲੈਕਸ) ਜੀ.ਟੀ.ਰੋਡ,
ਅੰਮ੍ਰਿਤਸਰ ।
E-mail : pingalwara 57@gmail.com
Website : www. pingalwara.co
ਫ਼ੋਨ : 0183-2584586, 2584713
ਫ਼ੈਕਸ : 0183-2584586

# ਮੁੱਖ ਬੰਦ

ਕਵਿਤਾਵਾਂ, ਕਹਾਣੀਆਂ, ਗੀਤ ਲਿਖਣੇ ਕੋਈ ਸੌਖਾ ਕੰਮ ਨਹੀਂ ਹੁੰਦਾ। ਲਿਖਣ ਵਾਲੇ ਨੇ ਦਿਲ ਦੀਆਂ ਗਹਿਰਾਈਆਂ 'ਚੋਂ ਆਪਣੇ ਅੰਦਰਲੇ ਹਾਵ ਭਾਵ, ਵਿਚਾਰ ਅਤੇ ਜਜ਼ਬਾਤਾਂ ਨੂੰ ਕਲਮ ਰਾਹੀਂ ਆਪਣੇ ਪਾਠਕਾਂ ਦੇ ਪੇਸ਼ ਕਰਨਾ ਹੁੰਦਾ ਹੈ। ਗੀਤ, ਕਵਿਤਾਵਾਂ ਲਿਖਾਰੀ ਦੀ ਰੂਹ ਤੋਂ ਜਨਮ ਲੈਂਦੀਆਂ ਹਨ। ਲਿਖਾਰੀ ਆਪਣੀ ਰਚਨਾ ਨੂੰ ਲਿਖਦਾ ਹੈ, ਪਾਠਕ ਅਤੇ ਗਾਇਕ ਉਸ ਰਚਨਾ ਨੂੰ ਵਧਣ ਫੁੱਲਣ ਵਿਚ ਮਦਦ ਕਰਦੇ ਹਨ। ਸਾਰੇ ਹੀ ਗੀਤਕਾਰਾਂ ਅਤੇ ਕਵੀਆਂ ਨੇ ਜੋ ਵੀ ਰਚਨਾਵਾਂ ਲਿਖੀਆਂ ਹਨ ਉਨ੍ਹਾਂ ਨੇ ਆਪਣੇ ਅੰਦਰਲੇ ਭਾਵਾਂ ਅਤੇ ਜਜ਼ਬਾਤਾਂ ਨੂੰ ਕਵਿਤਾਵਾਂ ਰਾਹੀਂ ਪਾਠਕਾਂ ਤਕ ਪਹੁੰਚਾਉਣ ਦੀ ਕੋਸ਼ਿਸ਼ ਕੀਤੀ ਹੈ।

'ਸਿੱਜਦਾ' ਕਾਵਿ ਸੰਗ੍ਰਹਿ ਜਿਸਨੂੰ ਬੀਬੀ ਡਾਕਟਰ ਇੰਦਰਜੀਤ ਕੌਰ ਜੀ, ਮੁੱਖ ਸੇਵਿਕਾ, ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੋਸਾਇਟੀ, ਅੰਮ੍ਰਿਤਸਰ ਵੱਲੋਂ ਪ੍ਰਕਾਸ਼ਿਤ ਕਰਨ ਦਾ ਬਹੁਤ ਵੱਡਾ ਸ਼ਲਾਘਾਯੋਗ ਉਪਰਾਲਾ ਕੀਤਾ ਗਿਆ ਹੈ, ਇਸ ਵਿਚ ਕਵੀਆਂ ਨੇ ਆਪਣੇ ਵਿਚਾਰਾਂ ਰਾਹੀਂ ਭਗਤ ਪੂਰਨ ਸਿੰਘ ਜੀ ਦੇ ਜੀਵਨ, ਉਨ੍ਹਾਂ ਦੀ ਜ਼ਿੰਦਗੀ ਭਰ ਦੀ ਕਰੜੀ ਮਿਹਨਤ, ਜੋ ਉਨ੍ਹਾਂ ਨੇ ਬੇਸਹਾਰਾ, ਯਤੀਮਾਂ ਅਤੇ ਸਮਾਜ ਦੇ ਸਤਾਏ ਹੋਏ ਦੁਖੀ ਮਰਦ, ਇਸਤਰੀਆਂ ਅਤੇ ਬੱਚਿਆਂ ਨੂੰ ਆਸਰਾ ਦੇਣ ਉੱਪਰ ਰੌਸ਼ਨੀ ਪਾਉਣ ਦੀ ਕੋਸ਼ਿਸ਼ ਕੀਤੀ ਹੈ ਅਤੇ ਨਾਲ ਹੀ ਵਾਤਾਵਰਨ ਨੂੰ ਪ੍ਰਦੂਸ਼ਣ ਤੋਂ ਰੋਕਣ ਬਾਰੇ ਵੀ ਪੁਰ-ਜ਼ੋਰ ਅਪੀਲ ਕੀਤੀ ਹੈ।

ਇਸ ਸੰਗ੍ਰਹਿ ਵਿਚ ਗੁਰੂ ਨਾਨਕ ਦੇਵ ਜੀ ਨੇ ਜੋ ਇਸਤਰੀ ਜਾਤੀ ਨੂੰ, '**ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ**' ਕਹਿ ਕੇ ਵਡਿਆਇਆ ਅਤੇ ਉਸ ਸਮੇਂ ਚੱਲ ਰਹੀਆਂ ਸਮਾਜਿਕ ਬੁਰਾਈਆਂ, ਕੁਰੀਤੀਆਂ ਨੂੰ ਜਿੱਥੇ ਦੂਰ ਕੀਤਾ ਉੱਥੇ ਨਾਲ ਹੀ ਭਾਈ ਲਾਲੋ ਦੀ ਸੱਚੀ ਸੁੱਚੀ ਕਿਰਤ ਨੂੰ ਮਾਣ ਬਖ਼ਸ਼ ਕੇ ਊਚ ਨੀਚ ਦੇ ਭੇਦ ਭਾਵ ਨੂੰ ਭੀ ਦੂਰ ਕੀਤਾ। ਗ਼ਰੀਬੀ ਇਕ ਲਾਹਨਤ ਹੈ। ਗ਼ਰੀਬ ਹੀਰ ਨੇ ਆਪਣੇ ਸੁਪਨਿਆਂ ਵਿਚ ਆਪਣੇ ਰਾਂਝੇ ਬਾਰੇ ਸੋਚਦੀ ਸੋਚਦੀ ਇਸ ਭਾਵੀ ਸੰਸਾਰ ਵਿਚਲੇ ਆਪਣੇ ਕੰਮਾਂ ਕਾਰਾਂ ਤੋਂ ਹੀ ਵਿਹਲ ਨਾ ਮਿਲਣ ਕਰਕੇ ਆਪਣੇ ਰਾਂਝੇ ਨੂੰ ਆਪਣੇ ਵਿਚਾਰ ਪ੍ਰਗਟ ਕਰਨ ਦੀ ਕੋਸ਼ਿਸ਼ ਕੀਤੀ ਹੈ।



ਹੱਸਦੀ ਖੇਡਦੀ ਵੇਖ ਤੇਰੀ ਫੁੱਲਵਾੜੀ
ਹੋ ਜਾਂਦਾ ਏ ਤੇਰਾ ਦੀਦਾਰ ਸਾਨੂੰ
ਚੱਲੀਏ ਤੇਰੇ ਹੀ ਪਾਏ ਹੋਏ ਪੂਰਨਿਆਂ 'ਤੇ
ਬਖ਼ਸ਼ਦਾ ਰਹੀਂ ਤੂੰ ਇੱਦਾਂ ਹੀ ਪਿਆਰ ਸਾਨੂੰ

ਮਾਲਕ ਦੀ ਬਖ਼ਸ਼ੀ ਹੋਈ ਸੋਝੀ ਦੇ ਆਧਾਰ 'ਤੇ ਹੀ ਸਭ ਨੇ ਆਪਣੀ ਆਪਣੀ ਗੱਲ ਕਹਿਣ ਦਾ ਹੌਸਲਾ ਕੀਤਾ ਹੈ। ਕਿੰਨੇ ਸਫਲ ਹੋਏ ਹਾਂ ਤੇ ਕਿੰਨੇ ਅਸਫਲ, ਇਸ ਦਾ ਫੈਸਲਾ ਪਾਠਕਾਂ ਨੇ ਕਰਨਾ ਹੈ। ਸਾਰੇ ਪਾਠਕਾਂ ਅਤੇ ਸੰਗਤਾਂ ਨੂੰ ਬੇਨਤੀ ਇਹ ਹੈ ਕਿ ਭਗਤ ਪੂਰਨ ਸਿੰਘ ਜੀ ਦੀ ਇਸ ਫੁੱਲਵਾੜੀ ਨੂੰ ਹੋਰ ਪ੍ਰਫੁੱਲਤ ਕਰਨ ਵਿਚ ਆਉ ਸਾਰੇ ਵਧ ਚੜ੍ਹ ਕੇ ਆਪਣਾ ਆਪਣਾ ਯੋਗਦਾਨ ਪਾਈਏ। ਤੁਹਾਡੀਆਂ ਆਲੋਚਨਾਵਾਂ ਅਤੇ ਸੁਝਾਵਾਂ ਨੂੰ ਖਿੜੇ ਮੱਥੇ ਸਲਾਮ!

ਜੈ ਸਿੰਘ'ਜੱਸਾ'
ਪ੍ਰਸ਼ਾਸਕ,
(ਮਾਨਾਂਵਾਲਾ ਕੰਪਲੈਕਸ)
ਪਿੰਗਲਵਾੜਾ ਸੋਸਾਇਟੀ,
ਅੰਮ੍ਰਿਤਸਰ।

## ਤਤਕਰਾ


| ਕ੍ਰਮ ਅੰਕ | ਪੰਨਾ |
|---|---|
| 1. ਮੁੱਖ ਬੰਦ | I |
| 2. ਸਿੱਜਦਾ | 1 |
| 3. ਜਾਗ ਪੰਜਾਬ ਤੂੰ ਜਾਗ | 2 |
| 4. ਮੈਂ ਨਹੀਂ ਪਰ ਤੂੰ | 4 |
| 5. ਕੀ ਦੱਸਾਂ ਤੇ ਕੀ ਆਖਾਂ | 6 |
| 6. ਝੁੱਗੀਆਂ ਦੇ ਵਾਸੀ | 8 |
| 7. ਭਗਤ ਪੂਰਨ ਸਿੰਘ ਜੀ | 9 |
| 8. ਭਗਤ ਪੂਰਨ ਸਿੰਘ ਸੰਸਥਾ | 12 |
| 9. ਸਾਦ ਮੁਰਾਦਾ ਭਗਤ ਪੂਰਨ ਸਿੰਘ | 14 |
| 10. ਕੌਣ ਹੈ ਇਹ ਕੌਣ ? | 16 |
| 11. ਦੇਖੋ ਬਾਬਾ ਖੇਡਦਾ ਪਿਆਰਿਆਂ ਦੇ ਨਾਲ | 18 |
| 12. ਪੜ੍ਹਿਆ ਲਿਖਿਆ ਭਗਤ | 19 |
| 13. ਇਹੋ ਜਿਹੇ ਇਨਸਾਨ | 20 |
| 14. ਪਿਆਰੇ ਦਾ ਸੇਵਾਦਾਰ | 21 |
| 15. ਭਗਤ ਪੂਰਨ ਸਿੰਘ | 22 |
| 16. ਬਾਟੇ ਵਾਲਾ ਬਾਬਾ | 24 |
| 17. ਮੇਰੇ ਪਿਆਰਿਆ | 25 |
| 18. ਪਿਆਰਿਆ | 27 |
| 19. ਮੇਰਾ ਕੀ ਸੀ ਬਣਨਾ | 28 |
| 20. ਮੇਰਾ ਕੀ ਸੀ ਬਣਨਾ | 30 |
| 21. ਬੀਬੀ (ਡਾ:) ਇੰਦਰਜੀਤ ਕੌਰ | 32 |
| 22. ਤਿਆਗ ਦੀ ਮੂਰਤ | 39 |
| 23. ਪਾਲ ਸੰਗਰੂਰੀ ਦੇ ਦਿਲ ਵਿਚ ਇੰਦਰਜੀਤ ਕੌਰ ਦਾ ਸਤਿਕਾਰ | 40 |
| 24. ਬੀਬੀ ਇੰਦਰਜੀਤ ਦਾ ਬੱਚਿਆਂ ਨਾਲ ਪਿਆਰ | 41 |
| 25. ਬੀਬੀ ਇੰਦਰਜੀਤ ਦੀ ਆਤਮਾ ਦੀ ਅਵਾਜ਼... | 42 |
| 26. ਰੁੱਖ | 44 |
| 27. ਰੁੱਖ | 45 |





| | |
|---|---|
| 28. ਜੰਗਲ ਬੂਟੇ | 46 |
| 29. ਰੁੱਖ ਰਾਖਾ ਮਾਨਵ ਦਾ | 48 |
| 30 ਮਰਨਾ ਲੋਚਦੈਂ ਬੇ-ਔਲਾਦ ਹੋ ਕੇ | 49 |
| 31. ਸਦਾ ਬਹਾਰੀ ਲੰਗਰ | 51 |
| 32. ਬੂਟੇ ਲਾਈਏ ਬੱਚਿਓ | 52 |
| 33. ਬਜ਼ੁਰਗਾਂ ਦੀ ਆਸੀਸ | 54 |
| 34. ਵਾਤਾਵਰਨ ਲਈ ਦੁਹਾਈ | 56 |
| 35. ਪ੍ਰਦੂਸ਼ਣ | 57 |
| 36. ਪ੍ਰਦੂਸ਼ਣ | 58 |
| 37. ਪਾਣੀ ਦਾ ਸਤਿਕਾਰ | 59 |
| 38. ਗੀਤ | 60 |
| 39. ਧੀਆਂ | 62 |
| 40. ਕਾਫ਼ਲਾ | 63 |
| 41. ਧੀਆਂ ਦਾ ਗੀਤ | 64 |
| 42. ਕੰਜਕਾਂ ਕਿੱਥੋਂ ਲਿਆਵਾਂਗੇ | 65 |
| 43. ਜਨਨੀ ਦਾ ਸਤਿਕਾਰ ਕਰੋ | 66 |
| 44. ਇਸ ਤੋਂ ਪਹਿਲਾਂ | 67 |
| 45. ਕਾਸ਼ ! | 68 |
| 46. ਸਾਰੇ ਪਾਸੇ ਦੁੱਖ ਹੀ ਦੁੱਖ ਹੈ । | 70 |
| 47. ਜੀਵ-ਜੰਤੂਆਂ 'ਚ ਵੀ ਤਾਂ ਜਾਨ ਹੁੰਦੀ ਏ | 72 |
| 48. ਸਾਡੇ ਪੰਛੀ | 74 |
| 49. ਮਾਂ | 75 |
| 50. ਹੀਰ | 76 |
| 51. ਗਜ਼ਲ | 77 |
| 52. ਅੱਜ ਦੀ ਗੱਲ | 77 |
| 53. ਆਖਰੀ ਤਾਂ ਕੁਝ ਨਹੀਂ ਹੁੰਦਾ | 78 |
| 54. ਅੱਜ ਦੀ ਗੱਲ | 78-79 |
| 55. ਕਾਵਿ-ਸੁਰਾਂ | 80 |

# ਸਿੱਜਦਾ

ਮਾਨਵਤਾ ਦਾ ਆਸ਼ਕ ਸੀ ਜੋ ਗਿਆਨੀ ਤੇ ਵਿਗਿਆਨੀ,
ਗੁਰੂ ਨਾਨਕ ਜਿਹਾ ਜੱਗ 'ਤੇ ਲੋਕੋ ਮਿਲਣਾ ਨਹੀਂ ਕੋਈ ਸਾਨੀ ।
ਹਿੰਦੋਸਤਾਨ ਦਾ ਚੱਪਾ ਚੱਪਾ ਦੇਸ਼ ਵਿਦੇਸ਼ ਸੀ ਗਾਹਿਆ,
ਮਰਦਾਨੇ ਨੂੰ ਸਾਥੀ ਲੈ ਕੇ ਰੱਬੀ ਨਾਦ ਸੁਣਾਇਆ ।
ਸੱਜਣ ਠੱਗ ਜਾਂ ਕੌਡਾ ਰਾਖ਼ਸ਼ ਜਾਂ ਸੀ ਵਲੀ ਕੰਧਾਰੀ,
ਲੋਕ ਭਲਾਈ ਕਰਨ ਲੱਗੇ ਸਭ, ਭੇਖੀ ਤੇ ਹੰਕਾਰੀ ।
ਕਰਮ-ਕਾਂਡ ਤੇ ਜਾਤ-ਪਾਤ ਦਾ ਭੇਦ ਮਿਟਾਇਆ ਬਾਬੇ,
ਲਾਲੋ ਨੂੰ ਉਸ ਗਲ ਨਾਲ ਲਾਇਆ, ਭਾਗੋ ਵਰਗੇ ਜਾਗੇ ।
ਮੰਗਿਆ ਸਰਬੱਤ ਦਾ ਭਲਾ ਤੇ ਸਭ ਨੂੰ ਇਕ ਸੀ ਕੀਤਾ,
ਨਾਰੀ ਨੂੰ ਉੱਚਾ ਰੁਤਬਾ ਦਿੱਤਾ ਪਾਟਿਆਂ ਨੂੰ ਉਸ ਸੀਤਾ ।
ਬਾਬਰ ਨੂੰ ਉਸ ਜ਼ਾਬਰ ਕਹਿ ਕੇ ਫਿਟ ਲਾਹਨਤ ਸੀ ਪਾਈ,
ਗੁਰੂ ਬਾਬੇ ਦੇ ਕੌਤਕ ਅਜ ਤਕ ਗਾਵੇ ਸੁਣੇ ਲੋਕਾਈ ।
ਹਿੰਦੂ ਮੁਸਲਿਮ ਦੱਬੇ ਕੁਚਲੇ, ਉਸ ਲਈ ਸਨ ਇਕ ਜੈਸੇ,
ਕੁੱਲ ਦੁਨੀਆਂ ਲਈ ਅਜਬ ਬਾਤ ਹੈ, ਕੰਮ ਕੀਤੇ ਨੇ ਕੈਸੇ ।
ਨਾਥਾਂ, ਪੀਰ ਜੋਗੀਆਂ ਨੇ ਜਦ, ਸੁਣੀ ਗੁਰੂ ਦੀ ਬਾਣੀ,
ਮਿਟ ਗਈ ਹਉਮੈਂ ਸੀਸ ਝੁਕਾਇਆ, ਬਣ ਗਏ ਉਹਦੇ ਹਾਣੀ ।
ਲਹਿਣੇ ਨੂੰ ਗੁਰੂ ਅੰਗਦ ਬਣਾ ਕੇ, ਸੌਂਪ ਦਿੱਤੀ ਗੁਰਿਆਈ,
ਪੁੱਤਰਾਂ ਨੂੰ ਇਕ ਪਾਸੇ ਕੀਤਾ, ਰੀਤੀ ਨਵੀਂ ਚਲਾਈ ।
ਗੁਰੂ-ਬਾਬੇ ਦਾ ਜੱਸ ਤੇ ਬਾਣੀ, ਸੁਣੀ ਬੇਟੀ ਜਦ ਰੂਹੀ,
ਨਿੱਤ ਸਵੇਰੇ 'ਜਪੁਜੀ' ਪੜ੍ਹਦੀ, ਕਰਦੀ ਤੂੰ ਹੀ ਤੂੰ ਹੀ ।
ਆਓ ਸਾਰੇ ਰਲ ਕੇ ਆਪਾਂ, ਬਾਣੀ ਗੁਰੂ ਦੀ ਗਾਈਏ,
ਚੜ੍ਹਦੀ ਕਲਾ 'ਚ ਰਹੀਏ ਨਾਲੇ, ਸਭ ਦੀ ਖ਼ੈਰ ਮਨਾਈਏ ।

ਪ੍ਰੋ: ਨਵਸੰਗੀਤ ਸਿੰਘ
94176-92015



# ਜਾਗ ਪੰਜਾਬ ਤੂੰ ਜਾਗ

ਜਾਗ ਪੰਜਾਬ ਤੂੰ ਜਾਗ
ਊਠਾਂ ਵਾਲੇ ਲੈ ਗਏ ਲੁੱਟ ਕੇ
ਤੇਰਾ ਸੁਪਨ-ਸੁਹਾਗ
ਜਾਗ ਪੰਜਾਬ ਤੂੰ ਜਾਗ...

ਨਸ਼ਿਆਂ ਤੇਰੀ ਜਵਾਨੀ ਖਾ ਲਈ
ਕਰਜ਼ਿਆਂ ਨੇ ਕਿਰਸਾਨੀ ਫਾਹ ਲਈ
ਦਸਾਂ ਨਹੁੰਆਂ ਦੀ ਕਿਰਤ ਗਵਾ ਲਈ
ਕੌਣ ਲੈ ਗਿਆ ਰੱਤ ਚੂਸ ਕੇ
ਲੱਭਦਾ ਨਹੀਂ ਸੁਰਾਗ
ਜਾਗ ਪੰਜਾਬ ਤੂੰ ਜਾਗ...

ਹਵਾ, ਪਾਣੀ ਜ਼ਹਿਰੀਲੇ ਹੋ ਗਏ
ਅੰਗ-ਅੰਗ ਤੇਰੇ ਨੀਲੇ ਹੋ ਗਏ
ਦਿਸ਼ਾਹੀਣ ਸਭ ਹੀਲੇ ਹੋ ਗਏ
ਸਾਹਾਂ ਵਿਚੋਂ ਰਹਿੰਦਾ ਸਿੰਮਦਾ
ਆਤਮ-ਹੱਤਿਆ ਜੇਹਾ ਬੈਰਾਗ
ਜਾਗ ਪੰਜਾਬ ਤੂੰ ਜਾਗ...

ਅੱਖਰਾਂ ਵਿਚ ਵਿਉਪਾਰ ਵੜ ਗਿਆ
ਜਾਤਪਾਤ ਦਾ ਨਾਗ ਲੜ ਗਿਆ
ਰੋਹ ਵਿਦਰੋਹ ਦਾ ਖ਼ਾਬ ਸੜ ਗਿਆ
ਚਿੱਟੇ ਭੇਖਾਂ ਅੰਦਰ ਫਿਰਦੇ
ਕਾਲੇ ਫਨੀਅਰ ਨਾਗ
ਜਾਗ ਪੰਜਾਬ ਤੂੰ ਜਾਗ...

ਕਿਧਰੇ ਰੇਪ ਤੇ ਕਿਧਰੇ ਦੰਗੇ
ਡਰਦਾ ਕੋਈ ਇਨਸਾਫ਼ ਨਾ ਮੰਗੇ
ਵੋਟਾਂ ਦੇ ਹਨ ਸਾਰੇ ਪੰਗੇ
ਲੋਕ ਰਾਜ ਦੀ ਚਿੱਟੀ ਚਾਦਰ

ਹੋ ਗਈ ਦਾਗ਼ੋ-ਦਾਗ਼,
ਜਾਗ ਪੰਜਾਬ ਤੂੰ ਜਾਗ...

ਸੀਨਿਆਂ ਦੇ ਵਿਚ ਤਾਣ ਰਿਹਾ ਨਾ
ਲਹੂਆਂ ਦੇ ਵਿਚ ਮਾਣ ਰਿਹਾ ਨਾ
ਹਾਣੀਆਂ ਵਰਗਾ ਹਾਣ ਰਿਹਾ ਨਾ
ਔਖੇ ਹੋ ਗਏ ਜਗਦੇ ਰੱਖਣੇ
ਚਾਨਣਵੰਤ ਚਿਰਾਗ਼
ਜਾਗ ਪੰਜਾਬ ਤੂੰ ਜਾਗ...

ਬਿਜ਼ਨੈਸਮੈਨ ਸਿਆਸਤ ਕਰਦੇ
ਲੁੱਟ-ਲੁੱਟ ਕੇ ਵੀ ਢਿੱਡ ਨਹੀਂ ਭਰਦੇ
ਕਿਰਤੀ-ਕਾਮੇ ਭੁੱਖੇ ਮਰਦੇ
ਦਿਲ ਦੀ ਕੁੱਖੋਂ ਹੁਣ ਨਹੀਂ ਜੰਮਦੇ
ਯੁੱਗ ਪਲਟਾਊ ਰਾਗ
ਜਾਗ ਪੰਜਾਬ ਤੂੰ ਜਾਗ...

ਵੰਡ-ਵੰਡਾ ਕੇ ਵਾਈ ਰਹਿ ਗਏ
ਦੁਸ਼ਮਣਾਂ ਵਰਗੇ ਭਾਈ ਰਹਿ ਗਏ
ਨਿਆਂ ਕਰਨ ਕਸਾਈ ਬਹਿ ਗਏ
ਸੱਤਾ ਦਾ ਬਲਵਾਨ ਚੂਸ ਗਿਆ
ਸੁਰ ਸਾਂਝਾਂ ਦਾ ਬਾਗ਼
ਜਾਗ ਪੰਜਾਬ ਤੂੰ ਜਾਗ...

ਲੀਰੋ ਲੀਰ ਹੋਏ ਘਰ ਖੇਤ
ਮੁੱਲ ਵਿਕਦੇ ਪਾਣੀ ਤੇ ਰੇਤ
ਹੋ ਚੱਲੀ ਹੈ ਬਹੁਤ ਪਛੇਤ
ਅਜੇ ਵੀ ਵੇਲਾ ਸੋਚ ਸਮਝ ਕੇ
ਫੜ ਸਮੇਂ ਦੀ ਵਾਗ
ਜਾਗ ਪੰਜਾਬ ਤੂੰ ਜਾਗ... ।

ਪ੍ਰੋ: ਕੁਲਵੰਤ ਸਿੰਘ ਔਜਲਾ
-97, ਮਾਡਲ ਟਾਊਨ, ਕਪੂਰਥਲਾ।
ਫੋਨ:01822-235343,502556



## ਮੈਂ ਨਹੀਂ ਪਰ ਤੂੰ

ਓਦੋਂ ਨਹੀਂ ਸੀ ਪਤਾ
Not Me But You ਕੀ ਹੈ ?
ਮੈਂ ਨਹੀਂ ਪਰ ਤੂੰ
ਤੂੰ ਹੀ ਤੂੰ-ਮੈਂ ਨਹੀਂ
ਤੇਰਾਂ ਤੇਰਾਂ ਸਭ ਤੇਰਾ ਹੀ ਤੇਰਾ
ਸੇਵਾ ਹੀ ਸੇਵਾ
ਮੇਰਾ ਮੁਝ ਮੇਂ ਕਿਛ ਨਹੀਂ
ਜੋ ਕਿਛ ਹੈ ਸਭ ਤੇਰਾ
ਜਿਸ ਨੇ ਸਮਝ ਲਿਆ
ਉਹ ਹੋ ਗਿਆ ਅਰਪਨ
ਮਨੁੱਖਤਾ ਲਈ ਹੋ ਗਿਆ ਭੇਂਟ
ਕੋਈ ਦੇਗ਼ 'ਚ, ਕੋਈ ਤੇਗ਼ 'ਚ
ਕੋਈ ਚਰਖੜੀਆਂ 'ਤੇ, ਆਰਿਆਂ ਦੇ ਦੰਦਿਆਂ 'ਤੇ
ਬੰਦ-ਬੰਦ ਕਟਾ
ਮਨੁੱਖਤਾ ਨੂੰ ਬਚਾਉਣ ਲਈ
ਆਪਾ ਵਾਰ ਗਿਆ
ਮੈਂ ਨਹੀਂ ਸਭ ਤੂੰ ਹੀ ਤੂੰ
ਦਿੰਦੀ ਹੈ ਸੁਨੇਹਾ
ਸੇਵਾ ਦਾ
ਤਿਆਗ ਦਾ
ਮੈਂ ਨੂੰ ਮਾਰਨ ਦਾ
ਆਪਾ ਵਾਰਨ ਦਾ
ਸੱਚੀ ਸੁੱਚੀ ਅਵਾਜ਼ ਦਾ
ਮਰਦਾਨੇ ਦੀ ਰਬਾਬ ਦਾ
ਭਾਈ ਘਨੱਈਏ ਦੇ ਆਬ ਦਾ
ਭਗਤ ਪੂਰਨ ਦੇ ਤਿਆਗ ਦਾ
ਸੇਵਾ
ਇਕ ਸਿਰੜ ਹੈ

ਸੇਵਾ
ਇਕ ਸਿਮਰਨ ਹੈ
ਸੇਵਾ
ਇਕ ਸੁੱਚਾ ਕਰਮ ਹੈ
ਸੇਵਾ
ਇਕ ਸੱਚੀ ਅਵਾਜ਼ ਹੈ
ਸੇਵਾ
ਇਕ ਸਾਜ਼ ਹੈ
ਸੇਵਾ
ਇਕ ਨਾਜ਼ ਹੈ
ਮੈਂ ਨਹੀਂ ਸਭ ਤੂੰ ਹੀ ਤੂੰ
ਦੀਨ ਦੁਨੀਆਂ ਦੇ ਹੰਝੂ ਪੂੰਝਣ ਲਈ
ਪਿੰਗਲੇ ਲੰਙੇ
ਗੂੰਗੇ ਬੋਲੇ
ਬੇਸਹਾਰਾ ਯਤੀਮਾਂ
ਦਾ ਬਣ ਸਹਾਰਾ
ਬਣ ਜਾਂਦਾ ਹੈ
ਪੂਰਨ ਭਗਤ ਪਿਆਰਾ
ਜਗਾ ਜਾਂਦਾ ਹੈ ਜੋਤ
ਸੇਵਾ ਦੀ ਤਿਆਗ ਦੀ
ਚੱਖਣ ਦੀ
ਮੈਂ ਨਹੀਂ ਸਭ ਤੂੰ ਦੀ
ਬਣ ਜਾਂਦੀ ਹੈ ਵਾਰਸ
ਡਾ.ਇੰਦਰਜੀਤ ਕੌਰ
ਮਨੁੱਖਤਾ ਨੂੰ ਸਾਂਭਣ ਦੀ
ਦੇ ਦਿੰਦੀ ਹੈ ਵਾਰਸ
ਮੈਂ ਨਹੀਂ ਸਭ ਤੂੰ ਹੀ ਤੂੰ ।

ਡਾ: ਭੁਪਿੰਦਰ ਸਿੰਘ ਬੇਦੀ, ਬਰਨਾਲਾ
ਮੋਬਾਇਲ : 9417061645



## ਕੀ ਦੱਸਾਂ ਤੇ ਕੀ ਆਖਾਂ

ਸ਼ਹੀਦ ਭਗਤ ਸਿੰਘ ਦੀ ਮੜ੍ਹੀ ਤੋਂ ਆਈ ਅਵਾਜ਼
ਕੀ ਦੱਸਾਂ ਤੇ ਕੀ ਆਖਾਂ
ਸੁੱਖਾਂ ਸੁਖ ਬਣਾਇਓ ਸਿੱਖ ਸਿੱਖਿਆ ਨਾ ਪਾਈ
ਕੀ ਦੱਸਾਂ ਤੇ ਕੀ ਆਖਾਂ
ਤਲਬ ਤਲਬ ਬਣਾਇਓ ਤਾਲਬ ਤਾਲੀਮ ਨਾ ਪਾਈ
ਕੀ ਦੱਸਾਂ ਤੇ ਕੀ ਆਖਾਂ
ਮਦਰੱਸੇ ਭੇਜਿਆ ਸਕੂਲੇ ਘੱਲਿਆ ਲੇਖ ਸਿਖਾਏ
ਭਾੜੇ ਪੜ੍ਹਾਏ ਗਿਣਤੀ ਨਾ ਆਈ
ਕੀ ਦੱਸਾਂ ਤੇ ਕੀ ਆਖਾਂ
ਪੰਡਤ ਸਦਾਏ ਮੌਲਵੀ ਮੰਗਾਏ, ਗੁਰੂ ਬੁਲਾਏ ਗੁੜ੍ਹਤੀ ਨਾ ਪਾਈ
ਕੀ ਦੱਸਾਂ ਤੇ ਕੀ ਆਖਾਂ
ਚੜ੍ਹ ਮਸੀਤੀ ਛੱਡ, ਸ਼ਰਾਬਾਂ ਪੀਵੇ ਡੋਡੇ ਖਾਵੇ ਅਫੀਮਾਂ
ਕਿਧਰੋਂ ਸਾਂ ਆਏ ਤੇ ਕਿਧਰ ਗਏ ਹਾਂ
ਮੱਤ ਨਾ ਆਈ, ਕੀ ਦੱਸਾਂ ਤੇ ਕੀ ਆਖਾਂ
ਧੀਆਂ ਕੁੱਟੇਂ ਮਾਵਾਂ ਲੁੱਟੇਂ, ਬੰਬ ਫਟਾ ਕੇ ਬੁੱਧ ਉਡਾਵੇਂ
ਚੜ੍ਹ ਅਸਮਾਨੀ ਜਹਾਦ ਮਚਾਵੇਂ
ਆਪਣੀ ਮਾਂ ’ਤੇ ਬੰਦੂਕ ਚਲਾਵੇਂ
ਤਹਿਜ਼ੀਬ ਨਾ ਆਈ, ਕੀ ਦੱਸਾਂ ਤੇ ਕੀ ਆਖਾਂ
ਤੂੰ ਤੇ ਮੈਂ ਭਰਾ ਸਾਂ ਦੋਵੇਂ, ਤੇਰੀ ਬੇਗ਼ਮ ਤੇ ਮੇਰੀ ਪਤਨੀ
ਬੀਵੀਆਂ ਦੋਹਾਂ ਦੀਆਂ ਭਾਬੀਆਂ ਸਨ ਸਾਡੀਆਂ
ਮਾਵਾਂ ਦੋਹਾਂ ਦੀਆਂ ਮਾਸੀਆਂ ਸਨ ਸਾਡੀਆਂ
ਚੇਤ ਚਿਤਾਵਾਂ ਪਰ ਚੇਤ ਨਾ ਆਈ
ਕੀ ਦੱਸਾਂ ਤੇ ਕੀ ਆਖਾਂ

ਆ ਫੇਰ ਇਕ ਦਿਨ ਪੱਗ ਵਟਾ ਕੇ ਜੱਫੀ ਪਾਈਏ
ਇਕ ਦੂਜੇ ਨੂੰ ਰੰਗ ਲਗਾ ਕੇ ਹੋਲੀ ਰਚਾਈਏ
ਨਚੀਏ ਗਾਈਏ ਤੇ ਭੰਗੜੇ ਪਾਈਏ
ਚਾਚਿਆਂ ਮਾਮਿਆਂ ਨੂੰ ਟਿੱਕੇ ਲਾਈਏ
ਈਦ ਮਨਾਵਣ ਦੀ ਜਾਚ ਨਾ ਆਈ
ਕੀ ਦੱਸਾਂ ਤੇ ਕੀ ਆਖਾਂ
ਸੁਣ ਤਾਂ ਸਹੀ ਪੀੜ੍ਹੀ ਲੈ ਲੈ ਜਾਂ ਮੰਜੀ ਡਾਹ ਲੈ
ਰਲ ਮਿਲ ਸਾਰੇ ਹੀਰ ਰਾਂਝੇ ਦੇ ਗੀਤ ਗਵਾਈਏ
ਮਿਰਜ਼ਾ ਸਾਹਿਬਾਂ ਤੇ ਸੋਹਣੀ ਮਹੀਂਵਾਲ ਦੇ ਸਦਕੇ ਜਾਈਏ
ਬੁਲ੍ਹਾ ਫਰੀਦ ਨਾਨਕ ਕਬੀਰ ਸੂਫੀ ਕਲਮ ਦੇ ਸੱਚੇ ਪੀਰ
ਦੇਣ ਸਲ੍ਹਾਵਾਂ ਉੱਚੇ ਫ਼ਕੀਰ
ਨਾ ਤੈਨੂੰ ਅਤੇ ਨਾ ਮੈਨੂੰ ਇਹ ਸਮਝ ਹੈ ਆਈ
ਕੀ ਦੱਸਾਂ ਤੇ ਕੀ ਆਖਾਂ
ਜੇਹਲਮ ਚਨਾਬ ਰਾਵੀ ਸਤਲੁਜ ਅਤੇ ਬਿਆਸ
ਸਾਂਝੀਆਂ ਸਾਡੀਆਂ ਇਹ ਪੰਜੇ ਨਦੀਆਂ
ਵਗਣ ਵੱਟਿਆਂ 'ਚੋਂ ਖੇਤ ਪਹਾੜਾਂ
ਉਛਾਲਣ ਧਾਤਾਂ ਅਤੇ ਮਾਰਨ ਠਾਠਾਂ
ਮਾਤ ਪੰਜਾਬ ਨੂੰ ਟੇਕ ਕੇ ਮੱਥਾ ਕਰੀਏ ਅਰਦਾਸਾਂ
ਮੰਗੀਏ ਦੁਆਵਾਂ ਇਹੀ ਆਖਾਂ ਤੇ ਇਹੋ ਹੀ ਆਖਾਂ।

-ਸ਼ਿਵ ਚੋਪੜਾ



## " ਝੁੱਗੀਆਂ ਦੇ ਵਾਸੀ"

ਲੈ ਕੇ ਸੁਪਨੇ ਹਜ਼ਾਰ ਅੱਖਾਂ ਵਿਚ, ਅਸੀਂ ਜੰਮੇ ਪੰਜਾਬ ਦੀ ਧਰਤ ਉੱਤੇ ।
ਲੇਖਾਂ ਵਿਚ ਹੈ ਵੱਸਣਾ ਰੂੜੀਆਂ ਦਾ, ਲਿਖੇ ਕਰਮ ਹਰ ਕੂੜੇ ਦੀ ਪਰਤ ਉੱਤੇ ।
ਕੀ ਲੇਖ ਵਿਧਾਤਾ ਨੇ ਲਿਖ ਦਿੱਤੇ, ਅਸੀਂ ਆਏ ਚੁਰਾਸੀਆਂ ਕੱਟ ਕੇ ਤੇ ।
ਪਾਇਆ ਜਨਮ ਮਨੁੱਖਾ ਇਹ ਏਸ ਵਾਰੀ, ਵੱਸ ਗਏ ਕਿਨਾਰੇ ਤੋਂ ਹੱਟ ਕੇ ਤੇ ।
ਘਰ ਬਾਰ ਸਾਡਾ ਵਾਸਾ ਰੂੜੀਆਂ ਦਾ, ਲੋਕੀਂ ਕੋਲੋਂ ਦੀ ਥੁੱਕ ਕੇ ਲੰਘਦੇ ਆ ।
ਕਿਤੇ ਦੇਖ ਲਕੀਰਾਂ ਸਾਡੇ ਹੱਥ ਦੀਆਂ, ਅਸੀਂ ਵੀ ਤਾਂ ਬੰਦੇ ਕੰਮ ਦੇ ਆਂ ।
ਪੈਰਾਂ ਵਿਚ ਛਾਲੇ ਅੱਖਾਂ ਵਿਚ ਸੱਧਰਾਂ, ਕਦੀ ਕਿਸੇ ਦਾ ਬੁਰਾ ਨਾ ਤੱਕਦੇ ਹਾਂ ।
ਬੱਚੇ ਰੁਲਦੇ ਕੂੜੇ ਦੇ ਢੇਰ ਉੱਤੇ, ਕੁੱਟ ਪੱਥਰ ਵੀ ਅਸੀਂ ਨਾ ਥੱਕਦੇ ਹਾਂ ।
ਦਿਨ ਰਾਤ ਕਰ ਮਿਹਨਤਾਂ ਰੂੜੀਆਂ 'ਤੇ, ਅਸੀਂ ਢਿੱਡ ਦੀ ਭੁੱਖ ਮਿਟਾ ਰਹੇ ਹਾਂ ।
"ਗਿੱਲ" ਰੱਬ ਦੀ ਰਜ਼ਾ 'ਚ ਰਹਿ ਕੇ ਤੇ, ਹਰਦਮ ਦਾਤੇ ਦਾ ਸ਼ੁਕਰ ਮਨਾ ਰਹੇ ਹਾਂ ।

(ਭੁਵਿੰਦਰ ਕੌਰ ਗਿੱਲ, ਐਡਮੰਟਨ, ਅਲਬਰਟਾ-ਕੈਨੇਡਾ)

# ਭਗਤ ਪੂਰਨ ਸਿੰਘ ਜੀ

ਲੇਖਕ-ਮਹਿੰਗਾ ਸਿੰਘ ਕਲਸੀ

ਭਗਤ ਪੂਰਨ ਸਿੰਘ ਦਾ ਨਾਮ ਲੈਂਦਿਆਂ,
ਮਨ ਵਿਚ ਠੰਢ ਹੈ ਪੈਂਦੀ।
ਜਿਸ ਮਾਨਵਤਾ ਦੀ ਸੇਵਾ ਕੀਤੀ,
ਦਿਲ ਵਿਚ ਯਾਦ ਹੈ ਰਹਿੰਦੀ।
ਰਾਜੇਵਾਲ ਵਿਚ ਸ਼ਿੱਬੂ ਮਲ ਦੇ,
ਘਰ ਦਾ ਸੀ ਚਿਰਾਗ।
ਰੱਬ ਨੇ ਮਹਿਤਾਬ ਕੌਰ ਘਰ,
ਲਾਇਆ ਸੀ ਇਹ ਭਾਗ।
ਬਚਪਨ ਵਿਚ ਨਾਮ '**ਰਾਮ ਜੀ**' ਰੱਖਿਆ,
ਪਾਲਿਆ ਚਾਵ੍ਹਾਂ ਨਾਲ।
ਪਿਤਾ ਦਾ ਸਿਰ ਤੋਂ ਸਾਇਆ ਉੱਠਿਆ,
ਜਦੋਂ ਸੀ ਅਜੇ ਉਹ ਬਾਲ।
ਮਹਿਤਾਬ ਕੌਰ ਨੇ ਪਾਲਣਾ ਕੀਤੀ,
ਅੰਮ੍ਰਿਤ ਸੀ ਛਕਾਇਆ।
ਪੰਜ ਪਿਆਰਿਆਂ ਸੋਚ ਸਮਝ ਕੇ,
ਪੂਰਨ ਸਿੰਘ ਨਾਮ ਧਰਾਇਆ।
ਡੇਹਰਾ ਸਾਹਿਬ ਲਾਹੌਰ ਗੁਰੂ ਘਰ,
ਸੇਵਾ ਕੀਤੀ ਦਿਲ ਲਾ ਕੇ।
ਗੁਰਬਾਣੀ ਪੜ੍ਹੀ ਤੇ ਭਾਂਡੇ ਮਾਂਜੇ,
ਉੱਥੇ ਇਕ ਲੂਲ੍ਹਾ ਮਿਲਿਆ ਆ ਕੇ।
ਪਿਆਰਾ ਸਿੰਘ ਸੀ ਨਾਮ ਉਸਦਾ,
ਸਰੀਰੋਂ ਸੀ ਬੜਾ ਲਚਾਰ।
ਆਪਣਾ ਆਪ ਸੰਭਾਲ ਨਾ ਹੋਵੇ,
ਭਗਤ ਨੇ ਪਿੱਠ 'ਤੇ ਕੀਤਾ ਸਵਾਰ।



ਦੇਸ਼ ਦੀ ਵੰਡ 'ਤੇ ਅੰਮ੍ਰਿਤਸਰ ਪੁੱਜਾ,
ਪਿਆਰਾ ਸਿੰਘ ਨਾਲ ਲਿਆਂਦਾ।
ਗੁਰੂ ਘਰ ਵਿਚ ਰੱਖਿਆ ਉਸ ਨੂੰ,
ਰਲ ਕੇ ਖਾ ਲੈਂਦੇ ਜੋ ਝੋਲੀ ਪਾਂਦਾ।
ਪਿੰਗਲਵਾੜੇ ਦਾ ਨੀਂਹ ਪੱਥਰ ਬਣਿਆ,
ਪਿਆਰਾ ਸਿੰਘ ਉਹ ਲੂਲ੍ਹਾ।
ਭਗਤ ਜੀ ਰੇਹੜੀ ਪਾ ਕੇ ਮੰਗਦੇ,
ਨਾਲੇ ਦਿੰਦੇ ਪਿਆਰ ਦਾ ਝੂਲਾ।
ਜਦੋਂ ਭਗਤ ਜੀ ਮੰਗਣ ਜਾਂਦੇ,
ਘੰਟੀ ਸੀ ਖੜਕਾਉਂਦੇ।
ਜੋ ਕੁਝ ਮਿਲਦਾ ਝੋਲੀ ਪਾਉਂਦੇ,
ਦਵਾ ਦਾਰੂ ਵੀ ਲਿਆਉਂਦੇ।
ਇਕ ਪਿਆਰਾਸਿੰਘ ਤੋਂ ਵਧ ਕੇ,
ਹੌਲੀ ਹੌਲੀ ਰਲ ਗਏ ਨਾਲ।
ਬੇ-ਸਹਾਰੇ ਅਪਾਹਜ ਵੀ ਆ ਗਏ,
ਮਰਦ ਇਸਤਰੀ ਨਾਲੇ ਬਾਲ।
ਭਗਤ ਜੀ ਸੇਵਾ ਕਰਦੇ ਸਭ ਦੀ,
ਰੱਬ ਮਨੁੱਖ ਵਿਚ ਵੱਸੇ।
ਗੁਰੂ ਗ੍ਰੰਥ ਦੀ ਸਿੱਖਿਆ ਸਾਨੂੰ,
ਸੇਵਾ ਤੇ ਸਿਮਰਨ ਦੱਸੇ।
ਪਿੰਗਲਵਾੜੇ ਦੀ ਸੇਵਾ ਕਰ ਭਗਤ ਜੀ,
ਨਾ ਅੱਕਣ ਨਾ ਥੱਕਣ।
ਮਾਨਵਤਾ ਲਈ ਲੇਖ ਵੀ ਲਿਖਦੇ,
ਗੱਲਾਂ ਸਾਧਾਰਣ ਪਏ ਦੱਸਣ।
ਪ੍ਰਦੂਸ਼ਣ ਰੋਕੋ ਪਾਣੀ ਬਚਾਓ,
ਰੁੱਖਾਂ/ਕੁੱਖਾਂ ਦੀ ਕਰੋ ਸੰਭਾਲ।

ਕੁਦਰਤ ਨਾਲ ਖਿਲਵਾੜ ਕਰਕੇ,
ਬਣ ਜਾਵੋਗੇ ਤੁਸੀਂ ਕੰਗਾਲ।
ਅੱਜ ਪਿੰਗਲਵਾੜਾ ਸੰਸਥਾ ਵਿਚ,
ਰੋਜ਼ ਲੱਖਾਂ ਦਾ ਖ਼ਰਚਾ ਹੋਵੇ।
ਇਹ ਸੀ ਹਿੰਮਤ ਇਕ ਪੁਰਸ਼ ਦੀ,
ਜਿਸ ਦੀ ਥਾਂ ਥਾਂ ਚਰਚਾ ਹੋਵੇ।
ਅੱਜ ਲੋਕੀਂ ਕਰਨ ਦਾਨ ਸੁਚੱਜਾ,
ਅੱਗੇ ਲਈ ਪ੍ਰਨੋਟ ਬਣਾਵਣ।
ਗ਼ਰੀਬ ਲਾਚਾਰਾਂ ਦੇ ਮੂੰਹ ਪੈ ਕੇ,
ਉਨ੍ਹਾਂ ਦੀਆਂ ਅਸੀਸਾਂ ਪਾਵਣ।
ਭਗਤ ਜੀ ਦੀ ਬਰਸੀ 'ਤੇ ਅੱਜ,
ਰਲਕੇ ਸੀਸ ਨਿਵਾਈਏ।
ਮਾਨਵਤਾ ਦੀ ਸੇਵਾ ਕਰਕੇ,
'ਕਲਸੀ' ਭਗਤ ਤੋਂ ਬਾਰੇ ਜਾਈਏ

ਮਹਿੰਗਾ ਸਿੰਘ ਕਲਸੀ
HL-127 ਫੇਸ-1
ਮੋਹਾਲੀ
94172-17387

-0-



# ਭਗਤ ਪੂਰਨ ਸਿੰਘ ਸੰਸਥਾ

ਰਾਜੇਵਾਲ ਜ਼ਿਲ੍ਹਾ ਲੁਧਿਆਣਾ, ਇਕ ਛਿੱਬੂ ਮਲ ਸੀ ਰਹਿੰਦਾ ।
ਮਹਿਤਾਬ ਕੌਰ ਸੀ ਪਤਨੀ ਉਸ ਦੀ, ਪਿਆਰ ਉਸ ਦਾ ਲਈਂਦਾ ।
ਨਾਮ ਰੱਬ ਦਾ ਲੈਣ ਵਾਲੇ ਸੀ, ਕਰਦੇ ਰੱਬ ਅੱਗੇ ਅਰਦਾਸ ।
ਘਰ ਉਨ੍ਹਾਂ ਦੇ ਬਾਲ ਸੀ ਆਇਆ, ਰੱਖਿਆ ਨਾਮ ਰਾਮ ਜੀ ਦਾਸ ।
ਪਿਤਾ ਦਾ ਸਿਰ ਤੋਂ ਸਾਇਆ ਉੱਠਿਆ, ਪਾਲਣਾ ਮਾਤਾ ਨੇ ਕੀਤੀ ।
ਪੂਰਨ ਸਿੰਘ ਸੀ ਨਾਮ ਬਦਲਿਆ, ਲਾਈ ਰੱਬ ਦੇ ਨਾਲ ਪ੍ਰੀਤੀ ।
ਡੇਹਰਾ ਸਾਹਿਬ ਲਾਹੌਰ ਉਸ ਨੇ, ਗੁਰਦਵਾਰੇ ਸੇਵਾ ਕੀਤੀ ।
ਗੁਰਬਾਣੀ ਪੜ੍ਹੀ ਤੇ ਭਾਂਡੇ ਮਾਂਜੇ, ਰੱਖੀ ਦਿਲ ਵਿਚ ਨੇਕ ਨੀਤੀ ।
ਉੱਥੇ ਉਸ ਨੂੰ ਲੂਲ੍ਹਾ ਮਿਲਿਆ, ਜੋ ਸੀ ਬੜਾ ਲਚਾਰ ।
ਰੱਖ ਗੁਰਦਵਾਰੇ ਸੇਵਾ ਕੀਤੀ, ਪਿੱਠ ’ਤੇ ਕਰ ਅਸਵਾਰ ।
ਵੰਡ ਹੋਈ ਅੰਮ੍ਰਿਤਸਰ ਆਇਆ, ਲੂਲ੍ਹਾ ਵੀ ਰੱਖਿਆ ਨਾਲ ।
ਸ਼ਰਨਾਰਥੀਆਂ ਦੀ ਸੇਵਾ ਕੀਤੀ, ਲੂਲ੍ਹੇ ਦਾ ਰੱਖਿਆ ਖ਼ਿਆਲ ।
ਦੀਨ ਦੁਨੀਆਂ ਦੀ ਸੇਵਾ ਖ਼ਾਤਰ, ਪਿੰਗਲਵਾੜਾ ਬਣਾਇਆ ।
ਆਪਣੇ ਲਈ ਤਾਂ ਹਰ ਕੋਈ ਕਰਦਾ, ਉਸ ਜੀਵਨ ਲੇਖੇ ਲਾਇਆ ।
ਬਣਾ ਰੇਹੜੀ ਉਹ ਮੰਗਣ ਚੜ੍ਹਦਾ, ਖਾਣਾ ਪਿੰਗਲਿਆਂ ਤਾਈਂ ਖੁਆਵੇ ।
ਕਦੀ ਹਸਪਤਾਲਾਂ ਵਿਚ ਜਾ ਕੇ, ਦਵਾਈਆਂ ਵੀ ਲੈ ਆਵੇ ।
ਸੁਣ ਅਵਾਜ਼ ਪੂਰਨ ਸਿੰਘ ਦੀ, ਲੋਕ ਘਰਾਂ ਤੋਂ ਬਾਹਰ ਆਉਂਦੇ ।
ਰੋਟੀ ਕਪੜਾ ਹੋਰ ਵੀ ਵਸਤਾਂ, ਉਸ ਦੀ ਝੋਲੀ ਪਾਉਂਦੇ ।
ਇਕ ਪਿੰਗਲੇ ਤੋਂ ਗਿਣਤੀ ਵਧ ਕੇ, ਹੋ ਗਈ ਕਈ ਹਜ਼ਾਰ ।
ਬੇ-ਸਹਾਰੇ ਅਪਾਹਜ ਤੇ ਪਾਗਲ, ਮਰਦ ਇਸਤਰੀ ਕਈ ਲਚਾਰ ।
ਬਿਨਾਂ ਵਿਤਕਰੇ ਸੇਵਾ ਕਰਦਾ, ਨਾਲੇ ਸੇਧਾਂ ਦੇਵੇ ।
ਹਰ ਵਿਸ਼ੇ ’ਤੇ ਛਾਪ ਕਿਤਾਬਚੇ, ਸਭ ਨੂੰ ਮੁਫ਼ਤ ਹੀ ਦੇਵੇ ।

ਕੁਦਰਤ ਨਾਲ ਖਿਲਵਾੜ ਕਰੋ ਨਾ, ਪ੍ਰਦੂਸ਼ਣ ਦਾ ਕਰੋ ਖ਼ਿਆਲ ।
ਰਸਾਇਣ ਖੇਤੀ ਜ਼ਹਿਰੀਲੀ ਹੈ, ਪਾਣੀ ਰੁੱਖਾਂ ਦੀ ਕਰੋ ਸੰਭਾਲ ।
ਪਿੰਗਲਵਾੜਾ ਬਣੀ ਸੰਸਥਾ, ਲੱਖਾਂ ਦਾ ਖ਼ਰਚਾ ਰੋਜ਼ ।
ਕਈ ਬ੍ਰਾਂਚਾਂ ਪੰਜਾਬ 'ਚ ਖੁਲ੍ਹੀਆਂ ਪੂਰਨ ਸਿੰਘ ਦੀ ਸੋਚ ।
ਮਾਨਵਤਾ ਦੀ ਸੇਵਾ ਖ਼ਾਤਰ, ਭਗਤ ਜੀ ਕਰਨ ਪ੍ਰਚਾਰ ।
ਇਕੋ ਬੰਦੇ ਦੀ ਹਿੰਮਤ ਵੇਖੋ, ਜੋ ਸਭ ਦਾ ਕਰੇ ਉਧਾਰ ।
ਲੱਖਾਂ ਦਾਨੀ ਦਾਨ ਨੇ ਕਰਦੇ, ਹਜ਼ਾਰਾਂ ਦਾ ਮੂੰਹ ਭਰਦਾ ।
ਅੱਗੇ ਜਾ ਕੇ ਉਹ ਹੀ ਮਿਲਦਾ, ਇੱਥੇ ਜੋ ਹੈ ਕਰਦਾ ।
ਭਗਤ ਪੂਰਨ ਸਿੰਘ ਦੀ ਬਰਸੀ ਉੱਤੇ ਉਸ ਨੂੰ ਸੀਸ ਨਿਵਾਈਏ ।
ਸੇਵਾ ਦੀ ਜਿਸ ਜਾਚ ਸਿਖਾਈ, ਉਸ ਤੋਂ ਵਾਰੇ ਜਾਈਏ ।
ਪਿੰਗਲਵਾੜੇ ਦੀ ਸੇਵਾ ਕਰਕੇ, ਖੱਟ ਲਵੋ 'ਕਲਸੀ' ਪੁੰਨ ।
ਸਾਡਾ ਬੀਜਿਆ ਹਰਿਆ ਹੋਊ, ਇਹ ਗੁਰਬਾਣੀ ਦੀ ਧੁਨ ।

ਮਹਿੰਗਾ ਸਿੰਘ ਕਲਸੀ
HL-127 ਫੇਸ-I
ਮੋਹਾਲੀ
94172-17387



## ਸਾਦ ਮੁਰਾਦਾ ਭਗਤ ਪੂਰਨ ਸਿੰਘ

ਸਾਦ ਮੁਰਾਦਾ ਭਗਤ ਪੂਰਨ ਸਿੰਘ
ਐਸੇ ਪੂਰਨੇ ਪਾ ਗਿਆ ।
ਸੇਵਾ ਕਿਵੇਂ ਕਮਾਈਦੀ ਏ
ਕਰਕੇ ਖੁਦ ਦਿਖਾ ਗਿਆ ।

ਮੈਂ ਨੂੰ ਮਾਰਕੇ ਕਿਵੇਂ ਹੈ ਭਾਈ
ਕੰਮ ਦੁਖੀਆਂ ਦੇ ਆਉਣਾ
ਜ਼ਿੰਦਗੀ ਦੇ ਵਿਚ ਸੌਖਾ ਨਹੀਉਂ
ਏਡਾ ਰੁਤਬਾ ਪਾਉਣਾ
ਨੇਰ੍ਹ ਨਾਲ ਜੋ ਭਰੀਆਂ ਜ਼ਿੰਦੜੀਆਂ
ਆਸ ਦੇ ਦੀਪ ਜਗਾ ਗਿਆ ।
ਸੇਵਾ ਕਿਵੇਂ ਕਮਾਈਦੀ ਏ
ਕਰਕੇ ਖੁਦ ਦਿਖਾ ਗਿਆ ।

ਧਰਤੀ ਤੋਂ ਬੁਲੰਦੀਆਂ ਤੀਕਰ
ਜੇ ਕਰ ਮਿਸ਼ਨ ਲਿਆਉਣਾ
ਪੈਰ ਪੈਰ 'ਤੇ ਡੋਲਣ ਤੋਂ ਹੈ
ਪੈਂਦਾ ਮਨ ਬਚਾਉਣਾ
ਭੁੱਖਾ ਅਤੇ ਤਿਹਾਇਆ ਰਹਿਕੇ
ਕਿੱਡਾ ਸਿਦਕ ਦਿਖਾ ਗਿਆ ।
ਸੇਵਾ ਕਿਵੇਂ ਕਮਾਈਦੀ ਏ
ਕਰਕੇ ਖੁਦ ਦਿਖਾ ਗਿਆ ।

ਕਿੰਨਾ ਸੱਚਾ ਸੁੱਚਾ ਸੀ ਉਹ
ਪੜ੍ਹਿਆ ਲਿਖਿਆ ਮੰਗਤਾ
ਉਸ ਮੰਗਤੇ ਨੇ ਕਿੰਨੀਆਂ
ਜ਼ਿੰਦਗੀਆਂ ਦਾ ਜੀਵਨ ਰੰਗ ਤਾ
ਮਾਨਵਤਾ ਦਾ ਪਾਠ ਕੀ ਹੁੰਦਾ
ਪੜ੍ਹ ਕੇ ਜੋ ਸੁਣਾ ਗਿਆ ।
ਸੇਵਾ ਕਿਵੇਂ ਕਮਾਈਦੀ ਏ
ਕਰਕੇ ਖੁਦ ਦਿਖਾ ਗਿਆ ।

ਕਿਸੇ ਦੇ ਬੁੱਲ੍ਹਾਂ ਉੱਤੇ ਗੀਤ
ਲਿਆਉਣੇ ਨਹੀਉਂ ਸੌਖੇ
ਲੋਕਾਂ ਦੇ ਧਿਰਕਾਰੇ ਗੋਦ
ਬਿਠਾਉਣੇ ਨਹੀਉਂ ਸੌਖੇ
ਨਿਆਸਰਿਆਂ ਦਾ ਆਸਰਾ ਬਣ
ਮੁਰਝਾਇਆਂ ਨੂੰ ਮਹਿਕਾ ਗਿਆ ।
ਸੇਵਾ ਕਿਵੇਂ ਕਮਾਈਦੀ ਏ
ਕਰਕੇ ਖੁਦ ਦਿਖਾ ਗਿਆ ।

ਕਮਲਜੀਤ ਨੀਲੋਂ



## ਕੌਣ ਹੈ ਇਹ ਕੌਣ?

ਰਾਹਾਂ ਵਿਚੋਂ ਪੱਥਰ ਚੁੱਕ ਕੇ
ਲੱਗਿਆ ਪਰ੍ਹੇ ਹਟਾਉਣ
ਕੌਣ ਹੈ ਇਹ ਕੌਣ ਬੱਚਿਓ,
ਦੱਸੋ ਹੈ ਇਹ ਕੌਣ ?
**ਬੱਚੇ** :- ਭਗਤ ਪੂਰਨ ਸਿੰਘ ਕਹਿਕੇ ਇਸ ਨੂੰ
ਲੋਕੀਂ ਸਭ ਬੁਲਾਉਣ ।
ਵਿਕਲਾਂਗਾਂ ਨੂੰ ਰੇਹੜੀ ਦੇ ਵਿਚ
ਲਿਆਉਂਦਾ ਜੋ ਬਿਠਾ ਕੇ
ਦਾਨ ਵਜੋਂ ਨੇ ਲੋਕੀਂ ਉਸ ਨੂੰ
ਜਾਂਦੇ ਕੁਝ ਫੜਾ ਕੇ
ਜਾਗਦੇ ਹੋਏ ਵੀ ਜੋ ਸੁੱਤੇ
ਲੱਗਿਆ ਰੋਜ਼ ਜਗਾਉਣ
ਕੌਣ ਹੈ ਇਹ ਕੌਣ ਬੱਚਿਓ,
ਦੱਸੋ ਮੈਨੂੰ ਕੌਣ ?
ਪੜ੍ਹਦਾ ਰਹੇ ਕਿਤਾਬਾਂ ਨਾਲੇ
ਰਹਿੰਦਾ ਹੈ ਕੁਝ ਲਿਖਦਾ
ਵੱਖਰੀ ਕਿਸਮ ਦਾ ਨੂਰ ਹੈ ਇਸਦੇ
ਚਿਹਰੇ ਉੱਪਰ ਦਿਸਦਾ
ਗਿਆਨ ਦਾ ਲੰਗਰ ਬੁੱਕਾਂ ਭਰ ਭਰ
ਲੱਗਿਆ ਹੈ ਵਰਤਾਉਣ
ਕੌਣ ਹੈ ਇਹ ਕੌਣ ਬੱਚਿਓ,
ਦੱਸੋ ਮੈਨੂੰ ਕੌਣ ?
ਨਿੱਕੇ ਨਿੱਕੇ ਬੂਟੇ ਲਾਉਂਦਾ
ਦੇਖਿਆ ਮੈਂ ਕਈ ਵਾਰੀ
ਵਾਤਾਵਰਣ ਨੂੰ ਸਾਫ਼ ਹੈ ਰੱਖਣਾ

ਸਮਝੇ ਜ਼ਿੰਮੇਵਾਰੀ
ਮਾਵਾਂ ਵਾਂਗਰ ਸਾਂਭ ਕੇ ਰੱਖਦਾ
ਬੂਟੇ ਨਾ ਮੁਰਝਾਉਣ
ਕੌਣ ਹੈ ਇਹ ਕੌਣ ਬੱਚਿਓ,
ਦੱਸੋ ਮੈਨੂੰ ਕੌਣ ?
ਝਾੜੂ ਚੁੱਕ ਜਦੋਂ ਸੁੰਭਰਨ ਲੱਗਦਾ
ਹੈ ਇਹ ਚਾਰ ਚੁਫ਼ੇਰਾ
ਇਸ ਨੂੰ ਦੇਖ ਕੇ ਮੱਲੋਮੱਲੀ
ਮਨ ਭਰ ਆਉਂਦਾ ਮੇਰਾ
"ਮੈਂ" ਨੂੰ ਮਾਰ ਕੇ ਸੱਚੇ ਦਿਲ ਨਾਲ
ਲੱਗਿਆ ਸੇਵ ਕਮਾਉਣ
ਕੌਣ ਹੈ ਇਹ ਕੌਣ ਬੱਚਿਓ,
ਦੱਸੋ ਮੈਨੂੰ ਕੌਣ ?
ਲੂਲ੍ਹੇ ਲੰਗੜੇ ਦੇ ਮੂੰਹ ਵਿਚ
ਦੇਖਿਆ ਬੁਰਕੀਆਂ ਪਾਉਂਦਾ
ਉਸ ਨੂੰ ਪਿਆਸਾ ਰਹਿਣ ਨਹੀਂ ਦੇਂਦਾ
ਪਾਣੀ ਝੱਟ ਪਿਲਾਉਂਦਾ
ਮੂੰਹ ਉਸਦੇ ਨੂੰ ਸਾਫ਼ ਹੈ ਕਰਦਾ
ਲਗਦਾ ਲਾਡ ਲਡਾਉਣ
ਕੌਣ ਹੈ ਇਹ ਕੌਣ ਬਚਿਓ,
ਦੱਸੋ ਮੈਨੂੰ ਕੌਣ ?

ਕਮਲਜੀਤ ਨੀਲੋਂ-
ਮੋ: 94174-68668



# ਦੇਖੋ ਬਾਬਾ ਖੇਡਦਾ ਪਿਆਰਿਆਂ ਦੇ ਨਾਲ

ਦੇਖੋ ਬਾਬਾ ਖੇਡਦਾ
ਪਿਆਰਿਆਂ ਦੇ ਨਾਲ
ਜਿਵੇਂ ਮਾਵਾਂ ਖੇਡਦੀਆਂ
ਤਾਰਿਆਂ ਦੇ ਨਾਲ।
ਨਿੱਕੇ ਨਿੱਕੇ ਹਾਸੇ
ਕੇਰੇ ਚਾਰੇ ਪਾਸੇ
ਇੱਕਮਿੱਕ ਹੋਇਆ
ਮੋਹ ਦੇ ਮਾਰਿਆਂ ਦੇ ਨਾਲ
ਦੇਖੋ ਬਾਬਾ ਖੇਡਦਾ
ਪਿਆਰਿਆਂ ਦੇ ਨਾਲ।
ਖੇਡਾਂ ਉਹ ਖਿਡਾਵੇ
ਰੇਲਾਂ ਉਹ ਚਲਾਵੇ
ਖੁਦ ਡੱਬਾ ਬਣ ਜਾਂਦਾ
ਸਾਰਿਆਂ ਦੇ ਨਾਲ
ਦੇਖੋ ਬਾਬਾ ਖੇਡਦਾ
ਪਿਆਰਿਆਂ ਦੇ ਨਾਲ।
ਕੋਲ ਨੂੰ ਬਿਠਾਵੇ
ਕਹਾਣੀਆਂ ਸੁਣਾਵੇ
ਖੁਸ਼ ਬੜਾ ਰਹਿੰਦਾ
ਦੋਨੇ ਦਾਰਿਆਂ ਦੇ ਨਾਲ
ਦੇਖੋ ਬਾਬਾ ਖੇਡਦਾ
ਪਿਆਰਿਆਂ ਦੇ ਨਾਲ।
ਗੱਲ ਮੈਂ ਮੁਕਾਵਾਂ
ਸੱਚੀ ਮੈਂ ਸੁਣਾਵਾਂ
ਟਹਿਕਦਾ ਹੈ ਚਾਨਣ
ਮੁਨਾਰਿਆਂ ਦੇ ਨਾਲ
ਦੇਖੋ ਬਾਬਾ ਖੇਡਦਾ
ਪਿਆਰਿਆਂ ਦੇ ਨਾਲ।

ਕਮਲਜੀਤ ਨੀਲੋਂ

## ਪੜ੍ਹਿਆ ਲਿਖਿਆ ਭਗਤ

ਦੇਖਿਆ ਮੈਂ ਇਕ ਭਗਤ ਜੋ
ਏਨਾ ਸੇਵਾ ਵਿਚ ਰੰਗਿਆ
ਆਪਣੀ ਖਾਤਰ ਜਿਸ ਨੇ ਕਦੇ ਵੀ
ਕੁਝ ਨਹੀਂ ਮੰਗਿਆ ।
ਜਦ ਵੀ ਉਸ ਨੇ ਮੰਗਿਆ ਆਪਣੇ
ਪਿਆਰਿਆਂ ਲਈ ਮੰਗਿਆ
ਰੁਲਦੇ ਖੁਲਦੇ ਉਸ ਨੇ
ਬੇਸਹਾਰਿਆਂ ਲਈ ਮੰਗਿਆ
ਮਿਸ਼ਨ ਦੇ ਖਾਤਰ ਮੰਗਣ ਲੱਗਿਆ
ਕਦੇ ਨਹੀਂ ਸੀ ਸੰਗਿਆ
ਦੇਖਿਆ ਮੈਂ ਇਕ ਭਗਤ ਜੋ
ਏਨਾ ਸੇਵਾ ਵਿਚ ਰੰਗਿਆ ।
ਏਸ ਸਮਾਜ ਦੇ ਉਸ ਨੇ ਸਭ
ਦੁਰਕਾਰਿਆਂ ਲਈ ਮੰਗਿਆ
ਜ਼ਿੰਦਗੀ ਦੇ ਵਿਚ ਥੱਕੇ ਟੁੱਟੇ
ਹਾਰਿਆਂ ਲਈ ਮੰਗਿਆ
ਉਨ੍ਹਾਂ ਲਈ ਜਿਨ੍ਹਾਂ ਨੂੰ ਢਿੱਡੋਂ
ਜੰਮਿਆਂ ਨੇ ਡੰਗਿਆ
ਦੇਖਿਆ ਮੈਂ ਇਕ ਭਗਤ ਜੋ
ਏਨਾ ਸੇਵਾ ਵਿਚ ਰੰਗਿਆ ।
ਜਦ ਵੀ ਉਸ ਨੇ ਮੰਗਿਆ
ਗੂੰਗੇ ਬਹਿਰਿਆਂ ਲਈ ਮੰਗਿਆ
ਸੂਰਦਾਸਾਂ ਦੇ ਉਸ ਨੇ ਸਦਾ
ਸਵੇਰਿਆਂ ਲਈ ਮੰਗਿਆ
ਉਸ ਨੇ ਆਪਣੇ ਸੁਪਨਿਆਂ ਨੂੰ ਕਦੇ
ਛਿੱਕੇ ਨਹੀਂ ਟੰਗਿਆ
ਦੇਖਿਆ ਮੈਂ ਇਕ ਭਗਤ ਜੋ
ਏਨਾ ਸੇਵਾ ਵਿਚ ਰੰਗਿਆ ।

ਕਮਲਜੀਤ ਨੀਲੋਂ



## ਇਹੋ ਜਿਹੇ ਇਨਸਾਨ

ਆਪਣੇ ਕਾਰਜਾਂ ਕਰਕੇ ਜਿਹੜੇ
ਚੜ੍ਹਦੇ ਨੇ ਪਰਵਾਨ
ਕਦੇ ਭੁਲਾਇਆਂ ਵੀ ਨਹੀਂ ਭੁੱਲਦੇ
ਇਹੋ ਜਿਹੇ ਇਨਸਾਨ ।
ਆਪਣਾ ਦਰਦ ਲੁਕਾਉਂਦੇ ਰਹਿੰਦੇ
ਲੋਕਾਂ ਦਾ ਵੰਡਾਉਂਦੇ ਰਹਿੰਦੇ
ਜ਼ਿੰਦਗੀ ਦੇ ਵਿਚ ਹਾਰਿਆਂ ਦੇ ਵਿਚ
ਮੁੜ ਕੇ ਰੂਹ ਨੇ ਪਾਉਂਦੇ ਰਹਿੰਦੇ
ਕਦੇ ਗੁਆਚਣ ਨਹੀਉਂ ਦਿੰਦੇ
ਚਿਹਰੇ ਦੀ ਮੁਸਕਾਨ ।
ਲੋਕਾਂ ਲਈ ਹੁੰਗਾਰਾ ਬਣਦੇ
ਲੋਕਾਂ ਲਈ ਸਹਾਰਾ ਬਣਦੇ
ਡਿਗਦਿਆਂ ਨੂੰ ਕਦੇ ਡਿੱਗਣ ਨਹੀਂ ਦੇਂਦੇ
ਡੁੱਬਦਿਆਂ ਲਈ ਕਿਨਾਰਾ ਬਣਦੇ
ਦਿਲਾਂ ਦੇ ਵਿਚ ਨੇ ਥਾਂ ਬਣਾਉਂਦੇ
ਪਾਉਂਦੇ ਨੇ ਸਨਮਾਨ
ਕਦੇ ਭੁਲਾਇਆਂ ਵੀ ਨਹੀਂ ਭੁੱਲਦੇ
ਇਹੋ ਜਿਹੇ ਇਨਸਾਨ ।
ਕੁਦਰਤ ਨੂੰ ਪਿਆਰ ਨੇ ਕਰਦੇ
ਕੁਦਰਤ ਦੇ ਦੀਦਾਰ ਨੇ ਕਰਦੇ
ਉਸਦੀ ਗੋਦ ਵਿਚ ਰਹਿ ਕੇ ਖ਼ੁਸ਼ ਨੇ
ਮਾਂ ਵਾਂਗੂੰ ਸਤਿਕਾਰ ਨੇ ਕਰਦੇ
ਛਾਵਾਂ ਨੂੰ ਹੈ ਵੰਡਦੇ ਰਹਿਣਾ
ਉਨ੍ਹਾਂ ਦੀ ਪਹਿਚਾਣ
ਕਦੇ ਭੁਲਾਇਆਂ ਵੀ ਨਹੀਂ ਭੁੱਲਦੇ
ਇਹੋ ਜਿਹੇ ਇਨਸਾਨ ।

ਕਮਲਜੀਤ ਨੀਲੋਂ

# ਪਿਆਰੇ ਦਾ ਸੇਵਾਦਾਰ

ਆਪਣੀ ਜਾਣ ਪਛਾਣ ਭਗਤ ਜੀ
ਇੰਝ ਕਰਵਾਉਂਦੇ ਸੀ,
ਮੈਂ ਪਿਆਰੇ ਦਾ ਸੇਵਾਦਾਰ
ਅੱਗਿਉਂ ਫ਼ਰਮਾਉਂਦੇ ਸੀ ।
ਪਿਆਰੇ ਨੂੰ ਉਹ ਪਿੱਠ ’ਤੇ ਚੁੱਕ ਕੇ
ਫਿਰਦੇ ਰਹਿੰਦੇ ਸੀ,
ਫੁੱਲ ਆਸਾਂ ਦੇ ਚਿਹਰੇ ਉੱਪਰੋਂ
ਕਿਰਦੇ ਰਹਿੰਦੇ ਸੀ ।
ਹਰਿਮੰਦਰ ਦੇ ਸਾਹਮਣੇ ਬੈਠੇ
ਨਜ਼ਰੀਂ ਆਉਂਦੇ ਸੀ............
ਦਾਨ ਜਦੋਂ ਕੋਈ ਦੇਂਦਾ ਆ ਕੇ
ਸਹਿਜ ਉਹ ਰਹਿੰਦੇ ਸੀ,
ਅੱਗਿਉਂ ਉਸਨੂੰ ਕੁਝ ਨਾ ਕੁਝ
ਪੜ੍ਹਨੇ ਨੂੰ ਦੇਂਦੇ ਸੀ,
ਗਿਆਨ ਦਾ ਲੰਗਰ ਹਰ ਮੌਕੇ
ਰਹਿੰਦੇ ਵਰਤਾਉਂਦੇ ਸੀ ।
ਸ਼ਾਮੀਂ ਜਦ ਉਹ ਮੁੜ ਕੇ
ਪਿੰਗਲਵਾੜੇ ਆਉਂਦੇ ਸੀ,
ਬੱਚਿਆਂ ਖ਼ਾਤਰ ਚੀਜ਼ੋ ਰੋਜ਼
ਖਰੀਦ ਲਿਆਉਂਦੇ ਸੀ ।
ਰਹਿਣ ਉਡੀਕਦੇ ਬੱਚੇ ਉਸ ਨੂੰ
ਏਨਾ ਚਾਹੁੰਦੇ ਸੀ.............
ਬੱਚਿਆਂ ਨੂੰ ਕਹਾਣੀਆਂ
ਰੋਜ਼ ਸੁਣਾਉਂਦੇ ਹੁੰਦੇ ਸੀ,
ਸਿੱਖਿਆ ਕੀ ਹੈ ਮਿਲਦੀ ਉਹ
ਸਮਝਾਉਂਦੇ ਹੁੰਦੇ ਸੀ,
ਸੋਚ ਦੇ ਵਿਚ ਵੀ ਰੋਸ਼ਨੀਆਂ
ਰਹਿੰਦੇ ਵਰਸਾਉਂਦੇ ਸੀ ।

ਕਮਲਜੀਤ ਨੀਲੋਂ



# ਭਗਤ ਪੂਰਨ ਸਿੰਘ

ਪੂਰਨ ਸਿੰਘ ਭਗਤ ਪਿਆਰੇ ਦੀ ।
ਸ਼ਿੱਬੂ ਮੱਲ ਦੇ ਰਾਜ ਦੁਲਾਰੇ ਦੀ ।
ਅੱਜ ਬਰਸੀ ਅਸੀਂ ਮਨਾ ਰਹੇ ਹਾਂ,
ਮਹਿਤਾਬ ਦੀ ਅੱਖ ਦੇ ਤਾਰੇ ਦੀ ।
ਪਿਆਰੇ ਨਾਲ ਲਾਡ ਲਡਾਉਂਦਾ ਸੀ ।
ਕਦੇ ਰੁੱਸੇ ਨੂੰ ਵਡਿਆਉਂਦਾ ਸੀ ।
ਕਦੇ ਚੱਕ ਕੰਧਿਆਂ ’ਤੇ ਪਿਆਰੇ ਨੂੰ,
ਉਹ ਮੰਦ ਮੰਦ ਮੁਸਕਾਉਂਦਾ ਸੀ ।
ਜਦੋਂ ਵੰਡ ਹੋਈ ਦੋ ਦੇਸ਼ਾਂ ਦੀ ।
ਪਿਆਰੇ ਪੂਰਨ ਦਰਵੇਸ਼ਾਂ ਦੀ ।
ਨਾ ਸਾਰ ਲਈ ਕਿਸੇ ਕੈਂਪਾਂ ਵਿਚ,
ਕਿਨੂੰ ਲੋੜ ਤਲਾਈਆਂ ਖੇਸਾਂ ਦੀ ।
ਨਾ ਹਿੰਮਤ ਉਸ ਨੇ ਹਾਰੀ ਸੀ ।
ਚਾਹੇ ਕਿਸ ਨੂੰ ਕੋਈ ਬਿਮਾਰੀ ਸੀ ।
ਦਿਨੇ ਕਰੇ ਗ਼ਰੀਬਾਂ ਦੀ ਸੇਵਾ,
ਫੁਟਪਾਥਾਂ ’ਤੇ ਰਾਤ ਗੁਜਾਰੀ ਸੀ ।
ਆਪਣਾ ਨਾ ਉਸਨੂੰ ਹੋਸ਼ ਰਿਹਾ ।
ਬੱਸ ਇਕੋ ਦਿਲ ਵਿਚ ਜੋਸ਼ ਰਿਹਾ।
ਕਦੇ ਝਿੜਕਾਂ ਵੀ ਸੁਣ ਲੈਂਦਾ ਸੀ,
ਸੁਣ ਸੁਣ ਕੇ ਵੀ ਖਾਮੋਸ਼ ਰਿਹਾ।
ਦੁਖੀਆਂ ਨੂੰ ਗਲੇ ਲਗਾਉਂਦਾ ਸੀ ।
ਜ਼ਖ਼ਮਾਂ ’ਤੇ ਮਲ੍ਹਮ ਲਾਉਂਦਾ ਸੀ ।
ਕੋਈ ਭੁੱਖਾ ਭਾਣਾ ਦਿੱਸ ਪੈਂਦਾ,
ਆਪਣਾ ਛੱਡ ਉਹਨੂੰ ਰਜਾਉਂਦਾ ਸੀ ।

ਜਦੋਂ ਹੱਥ ਫੜ ਲਿਆ ਬਾਟੇ ਨੂੰ ।
ਨਾ ਸਮਝਿਆ ਵਾਧੇ ਘਾਟੇ ਨੂੰ ।
ਰਿਹਾ ਢੱਕਦਾ ਤਨ ਮਜਲੂਮਾਂ ਦੇ,
ਨਹੀਂ ਤੱਕਿਆ ਆਪਣੇ ਪਾਟੇ ਨੂੰ ।

ਕਦੇ ਸੇਵਾ ਕੀਤੀ ਲੰਗਰਾਂ ਦੀ ।
ਕਿਤੇ ਸੇਵਾ ਕੀਤੀ ਡੰਗਰਾਂ ਦੀ ।
ਚੁੱਕ ਰੋੜੇ ਸੜਕੋਂ ਕਿੱਲ ਪੱਤੀਆਂ,
ਕਦੇ ਸੇਵਾ ਕੀਤੀ ਮੰਦਰਾਂ ਦੀ ।

ਪਿਆਰੇ ਨੂੰ ਗੋਦੀ ਵਿਚ ਪਾ ਲੈਂਦਾ ।
ਕਦੇ ਮਾਂ ਦੇ ਫ਼ਰਜ਼ ਨਿਭਾ ਲੈਂਦਾ ।
ਮਤਾਂ ਤਖ਼ਤਪੋਸ਼ ਤੋਂ ਗਿਰ ਜਾਵੇ,
ਸਦਾ ਆਪਣੇ ਨਾਲ ਸਵਾਂ ਲੈਂਦਾ ।

ਜਿਉਂ ਸੰਖਿਆ ਵਧੀ ਮਰੀਜ਼ਾਂ ਦੀ ।
ਸੀ ਸਾਰੀ ਖੇਡ ਨਸੀਬਾਂ ਦੀ ।
ਕਈ ਦਾਨੀ ਸੱਜਣ ਮਿਲ ਬੈਠੇ,
ਇਉਂ ਗਿਣਤੀ ਵਧੀ ਅਜ਼ੀਜ਼ਾਂ ਦੀ ।

ਜੋ ਭਗਤ ਜੀ ਬੂਟਾ ਲਾਇਆ ਏ ।
ਕਈ ਲਗਰਾਂ ਅੱਜ ਕੱਢ ਆਇਆ ਏ ।
ਮੇਰਾ ਸਿਰ ਸੱਜਣਾਂ ਲਈ ਝੁਕਦਾ ਏ,
ਜਿਨ੍ਹਾਂ ਤਿਲ ਫੁੱਲ ਪਾ ਫ਼ਰਜ਼ ਨਿਭਾਇਆ ਏ ।

–ਜੈ ਸਿੰਘ 'ਜੱਸਾ'
ਪ੍ਰਸ਼ਾਸਕ, (ਮਾਨਾਂਵਾਲਾ ਕੰਪਲੈਕਸ)
ਪਿੰਗਲਵਾੜਾ ਅੰਮ੍ਰਿਤਸਰ

–o–



# ਬਾਟੇ ਵਾਲਾ ਬਾਬਾ

ਹੱਥ ਵਿਚ ਫੜਕੇ ਆਪਣੇ ਸਰਬਲੋਹੀਏ ਬਾਟੇ ਨੂੰ,
ਗਲੀਆਂ ਗਲੀਆਂ ਦੇ ਵਿੱਚ ਜਾ ਟੱਲੀ ਖੜਕਾਏ ।
ਦੇ ਦੋ ਭਿਕਸ਼ਾ ਮੈਨੂੰ ਦੁਖੀਆਂ ਅਤੇ ਗ਼ਰੀਬਾਂ ਲਈ,
ਬਿਨਾਂ ਸਹਾਰਿਓਂ ਜਿਹੜੇ ਬੈਠੇ ਭੁੱਖੇ ਤਿਹਾਏ ।
ਆਪਣੇ ਤਨ ਦੀ ਕੋਈ ਫ਼ਿਕਰ ਕਦੇ ਵੀ ਰੱਖੀ ਨਾ,
ਪਹਿਲਾਂ ਲੋੜਵੰਦਾਂ ਨੂੰ ਬਸਤਰ ਤਨੀਂ ਪਵਾਏ ।
ਨਾ ਕੋਈ ਰੈਣ ਬਸੇਰਾ ਨਾ ਹੀ ਸਿਰ 'ਤੇ ਛੱਤ ਕੋਈ,
ਭੁੱਖਣ ਭਾਣਾ ਰਹਿ ਕੇ ਰੱਬ ਦਾ ਸ਼ੁਕਰ ਮਨਾਏ ।
ਤੇੜ ਕਛਹਿਰਾ ਫਟਿਆ ਫਟੀ ਰਜਾਈ ਓੜ ਲਈ,
ਭੁੱਖਣ ਭਾਣਾ ਲੱਸੀ ਪੀ ਕੇ ਭੁੱਖ ਮਿਟਾਏ।
ਕੰਘੀ ਸਿਰ ਵਿਚ ਆਪਣੇ ਫੇਰਨ ਦਾ ਵੀ ਵਕਤ ਨਹੀਂ,
ਮਤਾਂ ਪਿਆਰੇ ਦੀ ਨਾ ਟੌਹਰ ਵਿਚੇ ਰਹਿ ਜਾਏ ।
ਚੁੱਕ ਕੇ ਛਿਲਕੇ, ਰੋੜੇ, ਕਿੱਲ ਪੱਤੀਆਂ ਉਹ ਰਸਤਿਆਂ 'ਚੋਂ,
ਸੋਚੇ ਰਾਹੀਆਂ ਦੇ ਕਿਤੇ ਪੈਰ ਠੇਸ ਨਾ ਆਏ ।
ਚੌਦਾਂ ਸਾਲ ਪਿਆਰਾ ਰੱਖਿਆ ਆਪਣੇ ਮੋਢਿਆਂ 'ਤੇ,
ਜਿੱਦਾਂ ਬਾਪੂ ਆਪਣੇ ਬੱਚਿਆਂ ਤਾਈਂ ਖਿਡਾਏ ।
ਜੋ ਕੁਝ ਮਿਲਿਆ ਪਹਿਲਾਂ ਵਰਤਿਆ ਲਈ ਯਤੀਮਾਂ ਦੇ,
ਸਭ ਤੋਂ ਬਾਅਦ ਉਸਨੂੰ ਚੇਤਾ ਆਪਣਾ ਆਏ ।
ਸਾਂਭ ਕੇ ਬਹਿ ਗਿਆ ਇੱਜ਼ਤ ਦੁਖਿਆਰੇ ਪੁੱਤਰਾਂ ਧੀਆਂ ਦੀ,
ਮਤਾਂ ਦੁਬਾਰਾ ਕੋਈ ਕਸ਼ਟ ਇਨ੍ਹਾਂ 'ਤੇ ਆਏ ।
ਜਿੰਨਾ ਪਿਆਰ 'ਜੱਸਿਆ' ਵੰਡਿਆ ਵਿਚ ਮਨੁੱਖਤਾ ਦੇ,
ਗਾਵਾਂ ਵੱਛਿਆਂ ਨੂੰ ਵੀ ਓਨੇ ਲਾਡ ਲਡਾਏ ।

**ਜੈ ਸਿੰਘ 'ਜੱਸਾ'**
ਪ੍ਰਸ਼ਾਸਕ, (ਮਾਨਾਂਵਾਲਾ ਕੰਪਲੈਕਸ)
ਪਿੰਗਲਵਾੜਾ ਅੰਮ੍ਰਿਤਸਰ

# ਮੇਰੇ ਪਿਆਰਿਆ

ਯੁੱਗਾਂ ਯੁੱਗਾਂ ਤਕ ਰਹਿ ਜਿਊਂਦਾ
ਰਹਿ ਤੂੰ ਮੇਰੇ ਪਿਆਰਿਆ,
ਤੇਰੇ ਸਦਕਾ ਹੀ ਮੈਂ ਜਾਵਾਂ
ਥਾਂ ਥਾਂ 'ਤੇ ਸਤਿਕਾਰਿਆ ।

ਸੰਗਤ ਦੀ ਕਿਰਪਾ ਦੇ ਸੰਗ ਆਪਾਂ
ਕਿੰਨਾ ਕੁਝ ਬਣਾਇਆ
ਕਿੰਨੇ ਹੋਰ ਪਿਆਰਿਆਂ ਨੂੰ ਹੈ
ਦਿਲ ਦੇ ਵਿਚ ਵਸਾਇਆ
ਉਨ੍ਹਾਂ ਦੀਆਂ ਖ਼ੁਸ਼ੀਆਂ ਸਾਨੂੰ
ਰੂਹ ਦੇ ਨਾਲ ਨਿਖਾਰਿਆ,
ਯੁੱਗਾਂ ਯੁੱਗਾਂ ਤਕ ਰਹਿ ਜਿਊਂਦਾ
ਰਹਿ ਤੂੰ ਮੇਰੇ ਪਿਆਰਿਆ।

ਦੇਖ ਪਿਆਰਿਆ ਸੰਗਤ ਦੀ
ਕ੍ਰਿਪਾ ਨੇ ਰੰਗ ਦਿਖਾਇਆ
ਛੱਤ ਬਿਨਾਂ ਰਹਿੰਦੇ ਸੀ ਸਾਨੂੰ
ਛੱਤ ਦੇ ਹੇਠ ਬਿਠਾਇਆ
ਸ਼ੁਰੂ ਸ਼ੁਰੂ ਵਿਚ ਖੁੱਲ੍ਹੇ ਅੰਬਰਾਂ ਹੇਠਾਂ
ਸਮਾਂ ਗੁਜ਼ਾਰਿਆ,
ਯੁੱਗਾਂ ਯੁੱਗਾਂ ਤਕ ਰਹਿ ਜਿਊਂਦਾ
ਰਹਿ ਤੂੰ ਮੇਰੇ ਪਿਆਰਿਆ।

ਦੇਖ ਪਿਆਰਿਆ ਆਪਣੇ ਪਿਆਰੇ
ਕਿੰਨਾ ਖ਼ੁਸ਼ ਖ਼ੁਸ਼ ਰਹਿੰਦੇ
ਨਿੱਕਾ ਜਿਹਾ ਹੁੰਗਾਰਾ ਭਰਦੇ
ਦਿਲੋਂ ਦੁਆਵਾਂ ਦੇਂਦੇ
ਇਨ੍ਹਾਂ ਦੀਆਂ ਦੁਆਵਾਂ ਦਾ ਕਿੰਝ



ਜਾਊ ਕਰਜ਼ ਉਤਾਰਿਆ ?
ਯੁੱਗਾਂ ਯੁੱਗਾਂ ਤਕ ਰਹਿ ਜਿਊਂਦਾ
ਰਹਿ ਤੂੰ ਮੇਰੇ ਪਿਆਰਿਆ।

ਦੇਖ ਪਿਆਰਿਆ ਸੰਗਤ ਕੋਈ
ਤੋੜ ਰਹਿਣ ਨਹੀਂ ਦੇਂਦੀ
ਦੂਰੋਂ ਦੂਰੋਂ ਖ਼ੁਦ ਹੀ ਆ ਕੇ
ਸਾਡੀ ਬਾਂਹ ਫੜ ਲੈਂਦੀ
ਦਿਲ ਦੇ ਜੋ ਅਮੀਰ ਉਨ੍ਹਾਂ ਨੇ
ਕਰਕੇ ਕਦੋਂ ਚਿਤਾਰਿਆ,
ਯੁੱਗਾਂ ਯੁੱਗਾਂ ਤਕ ਰਹਿ ਜਿਊਂਦਾ
ਰਹਿ ਤੂੰ ਮੇਰੇ ਪਿਆਰਿਆ।

ਦੇਖ ਪਿਆਰਿਆ ਸਫਲ ਹੋਈ ਜ਼ਿੰਦ
ਮੇਰੀ ਤੇਰੇ ਕਰਕੇ
ਲੋਕਾਂ ਕੋਲੋਂ ਪਿਆਰ ਹੈ ਮਿਲਿਆ
ਝੋਲੀਆਂ ਨੂੰ ਭਰ ਭਰ ਕੇ
ਆਪਣੇ ਦੁੱਖ ਸੁੱਖ ਮੌਕੇ ਉਨ੍ਹਾਂ
ਸਾਨੂੰ ਨਹੀਂ ਵਿਸਾਰਿਆ
ਯੁੱਗਾਂ ਯੁੱਗਾਂ ਤਕ ਰਹਿ ਜਿਊਂਦਾ
ਰਹਿ ਤੂੰ ਮੇਰੇ ਪਿਆਰਿਆ,
ਤੇਰੇ ਸਦਕੇ ਹੀ ਮੈਂ ਜਾਵਾਂ
ਥਾਂ ਥਾਂ 'ਤੇ ਸਤਿਕਾਰਿਆ।

ਕਮਲਜੀਤ ਨੀਲੋਂ

# ਪਿਆਰਿਆ

ਕਿੱਡਾ ਕੰਮ ਤੂੰ ਮੇਰੇ ਤੋਂ
ਕਰਵਾਇਆ ਓ ਪਿਆਰਿਆ,
'ਭਗਤ' ਤੂੰ ਪੂਰਨ ਸਿੰਘ ਨੂੰ ਹੈ
ਬਣਾਇਆ ਓ ਪਿਆਰਿਆ।

ਮੈਨੂੰ ਤੂੰ ਪ੍ਰੇਰਿਆ ਏਨਾ
ਦੁੱਖ ਵੀ ਮੈਨੂੰ ਦੁੱਖ ਨਹੀਂ ਲੱਗਿਆ
ਤੂੰ ਹੀ ਮੈਨੂੰ ਝੰਜੋੜਿਆ ਤੇ
ਜਗਾਇਆ ਓ ਪਿਆਰਿਆ,
'ਭਗਤ' ਤੂੰ ਪੂਰਨ ਸਿੰਘ ਨੂੰ ਹੈ
ਬਣਾਇਆ ਓ ਪਿਆਰਿਆ।

ਸੱਚ ਮੁੱਚ ਤੇਰੇ ਨਾਲ ਰਹਿ ਕੇ
ਮੇਰਾ ਅੰਦਰ ਚਾਨਣ ਹੋਇਆ
ਮੇਰਾ ਹਰ ਇਕ ਰਾਹ ਤੂੰ
ਰੁਸ਼ਨਾਇਆ ਓ ਪਿਆਰਿਆ,
'ਭਗਤ' ਤੂੰ ਪੂਰਨ ਸਿੰਘ ਨੂੰ ਹੈ
ਬਣਾਇਆ ਓ ਪਿਆਰਿਆ।

ਵਰਨਾ ਹੋਰ ਵੀ ਮੇਰੇ ਵਰਗੇ
ਆਏ ਤੇ ਦੁਨੀਆਂ ਤੋਂ ਤੁਰਗੇ
ਤੂੰ ਹੀ ਮੇਰਾ ਜੰਮਣਾ ਸਫਲ
ਬਣਾਇਆ ਓ ਪਿਆਰਿਆ,
ਭਗਤ ਤੂੰ ਪੂਰਨ ਸਿੰਘ ਨੂੰ ਹੈ
ਬਣਾਇਆ ਓ ਪਿਆਰਿਆ।

ਕਮਲਜੀਤ ਨੀਲੋਂ



# ਮੇਰਾ ਕੀ ਸੀ ਬਣਨਾ

ਮੈਨੂੰ ਬੇਸਹਾਰੇ ਨੂੰ ਜੇ ਤੂੰ ਨਾ
ਗਲ ਨਾਲ ਲਾਉਂਦਾ
ਮੇਰਾ ਕੀ ਸੀ ਬਣਨਾ
ਮਨ ਇਹ ਸੋਚ ਸੋਚ ਘਬਰਾਉਂਦਾ ।

ਮੇਰੇ ਵਰਗੇ ਖੜ੍ਹ ਨਹੀਂ ਸਕਦੇ
ਤੁਰਨਾ ਤਾਂ ਇਕ ਪਾਸੇ
ਸਾਡੇ ਤੂੰ ਖੁਦ ਜਾ ਕੇ ਮੂਹਰਿਉਂ
ਮੋੜ ਲਿਆਵੇਂ ਹਾਸੇ
ਹੁਣ ਤਾਂ ਰੌਣਕਾਂ ਨੇ
ਏਨੇ ਮਿਲਣ ਦਿਲਾਸੇ
ਆਪ ਤੂੰ ਭੁੱਖਾ ਰਹਿ ਕੇ ਵੀ ਰਿਹਾ
ਮੈਨੂੰ ਚੋਗ ਚੁਗਾਉਂਦਾ ।
ਮੈਨੂੰ ਬੇਸਹਾਰੇ ਨੂੰ.........

ਮੇਰੇ ਵਰਗੇ ਜਿਨ੍ਹਾਂ ਦਾ
ਦਿਮਾਗ ਸਾਥ ਨਹੀਂ ਦੇਂਦਾ
ਤੇਰਾ ਦਿਲ ਉਨ੍ਹਾਂ ਦੇ ਦਿਲ ਦੀ
ਹੈ ਕਿਵੇਂ ਬੁੱਝ ਲੈਂਦਾ
ਆਪੇ ਬੋਲ ਸਹੀ, ਜੇ ਮੈਂ
ਝੂਠ ਹਾਂ ਕਹਿੰਦਾ
ਨਾ ਥੱਕਦਾ ਨਾ ਅੱਕਦਾ ਤੂੰ ਰਿਹੈਂ
ਐਨਾ ਸਿਦਕ ਨਿਭਾਉਂਦਾ ।
ਮੈਨੂੰ ਬੇਸਹਾਰੇ ਨੂੰ.............

ਘਰ ਦੇ ਜਿਨ੍ਹਾਂ ਨੂੰ ਸਾਂਭ ਨਹੀਂ ਸਕਦੇ
ਤੇਰੇ ਕੋਲ ਨੇ ਆਉਂਦੇ
ਬੇਵੱਸ ਹੋਏ ਤੈਨੂੰ ਆ ਕੇ
ਆਪਣਾ ਦੁੱਖ ਸੁਣਾਉਂਦੇ
ਕਿੰਨੇ ਦੇਖੇ ਮੈਂ ਬੱਚਿਆਂ ਵਾਂਗਰ ਰੋਂਦੇ
ਜ਼ਖ਼ਮਾਂ 'ਤੇ ਤੂੰ ਪੱਟੀ ਕਰ ਜੇ ਨਾ
ਮੱਲ੍ਹਮ ਲਗਾਉਂਦਾ ।
ਮੈਨੂੰ ਬੇਸਹਾਰੇ ਨੂੰ ...........

ਯਾਦ ਅਸਤ ਜੋ ਖੋ ਬੈਠਦੇ
ਆਪਣੇ ਗਲ ਨਾਲ ਲਾਵੇਂ
ਏਨਾ ਪਿਆਰ ਉਨ੍ਹਾਂ ਨੂੰ ਦੇਵੇਂ
ਆਪਣਾ ਆਪ ਭੁੱਲ ਜਾਵੇਂ
ਲੀਹੋਂ ਲੱਥਿਆਂ ਨੂੰ
ਲੀਹਾਂ ਉੱਪਰ ਲਿਆਵੇਂ
ਸੁੱਤੇ ਹੋਏ ਭਾਗਾਂ ਨੂੰ ਤੂੰ
ਲੋਰੀਆਂ ਦੇ ਜਗਾਉਂਦਾ ।
ਮੈਨੂੰ ਬੇਸਹਾਰੇ ਨੂੰ............

ਕਮਲਜੀਤ ਨੀਲੋਂ



## ਮੇਰਾ ਕੀ ਸੀ ਬਣਨਾ

ਮੈਂ ਨਿਆਸਰਾ ਬੈਠਾ ਸੀ
ਭੁੱਖਾ ਤੇ ਤਿਹਾਇਆ
ਤੂੰ ਮੈਨੂੰ ਧਰਤੀ ਤੋਂ ਚੁੱਕ ਕੇ
ਗੋਦੀ ਵਿਚ ਬਿਠਾਇਆ
ਅੱਖੀਆਂ ਭਰ ਕੇ ਪਿਆਰਾ ਲੱਗਿਆ
ਦਿਲ ਦੀ ਗੱਲ ਸੁਣਾਉਣ
ਭਗਤ ਪੂਰਨ ਸਿੰਘ ਜੇ ਤੂੰ ਮੇਰੀ ਜ਼ਿੰਦਗੀ ਵਿਚ ਨਾ ਆਉਂਦਾ
ਮੇਰਾ ਕੀ ਸੀ ਬਣਨਾ ਮੇਰੇ ਵਰਗਿਆਂ ਦਾ ਸੀ ਕੌਣ ?

ਗੁਰੂ ਘਰ ਦੇ ਪ੍ਰਧਾਨ ਨੇ ਤੈਨੂੰ
ਆਪਣੇ ਕੋਲ ਬੁਲਾਇਆ
ਮੇਰੇ ਪਾਲਣ ਦੀ ਸੇਵਾ ਦਾ
ਤੈਨੂੰ ਜ਼ੁੰਮਾਂ ਲਾਇਆ
ਆਪਣੇ ਗਲ ਨਾਲ ਲਾ ਕੇ ਜੇ ਨਾ
ਲੱਗਦਾ ਲਾਡ ਲਡਾਉਣ
ਮੇਰਾ ਕੀ ਸੀ ਬਣਨਾ
ਮੇਰੇ ਵਰਗਿਆਂ ਦਾ ਸੀ ਕੌਣ ?

ਕੁਝ ਤਾਂ ਸੋਚਿਆ ਹੋਣਾ ਤੂੰ ਫਿਰ
ਆਪਣੀ ਜ਼ਿੰਦਗੀ ਬਾਰੇ
ਮਨ ਵਿਚ ਜੋ ਖ਼ਿਆਲ ਸੀ ਆਏ
ਦੱਸ ਦੇ ਮੈਨੂੰ ਸਾਰੇ
ਜੇ ਕਰ ਤੂੰ ਹੀ ਨਾਂਹ ਕਰ ਦਿੰਦਾ
ਲੱਗਦਾ ਸਿਰ ਹਿਲਾਉਣ
ਮੇਰਾ ਕੀ ਸੀ ਬਣਨਾ
ਮੇਰੇ ਵਰਗਿਆਂ ਦਾ ਸੀ ਕੌਣ ?

ਕਿੱਡਾ ਇਮਤਿਹਾਨ ਸੀ ਤੇਰੇ ਆ ਕੇ
ਸਾਹਮਣੇ ਖੜ੍ਹਿਆ
ਪਲ ਛਿਣ ਦੇ ਵਿਚ ਏਨੀ ਛੇਤੀ
ਕਿਵੇਂ ਪਾਸ ਤੂੰ ਕਰਿਆ ?
ਕਈ ਵਾਰੀ ਇਹ ਗੱਲਾਂ ਮੈਨੂੰ
ਲਗਦੀਆਂ ਬਹੁਤ ਡਰਾਉਣ
ਮੇਰਾ ਕੀ ਸੀ ਬਣਨਾ
ਮੇਰੇ ਵਰਗਿਆਂ ਦਾ ਸੀ ਕੌਣ?

ਮੈਨੂੰ ਛੱਡ ਕੇ ਤੁਰ ਗਏ ਸੀ
ਮੇਰੇ ਜੰਮਣ ਵਾਲੇ
ਰਹਿ ਗਿਆ ਸੀ ਮੈਂ ਕੱਲ-ਮ-ਕੱਲਾ
ਮੈਨੂੰ ਕੌਣ ਸੰਭਾਲੇ ?
ਤੂੰ ਅਜਨਬੀ ਅੱਗੇ ਜੇ ਨਾ ਆਉਂਦਾ
ਮੈਨੂੰ ਅਪਨਾਉਣ
ਮੇਰਾ ਕੀ ਸੀ ਬਣਨਾ
ਮੇਰੇ ਵਰਗਿਆਂ ਦਾ ਸੀ ਕੌਣ ?

ਕਮਲਜੀਤ ਨੀਲੋਂ



# ਬੀਬੀ (ਡਾ:) ਇੰਦਰਜੀਤ ਕੌਰ

ਕਦੀਮ ਸਮੇਂ ਤੋਂ ਬੀਬੀ ਜੀ ਅੰਮ੍ਰਿਤਸਰ ਜ਼ਰੂਰ ਆਵੇ,
ਰਿਹਾਇਸ਼ੀ ਇਹ ਸਨ ਸ਼ਹਿਰ ਸੰਗਰੂਰ ਦੇ ਨੇ ।
ਪਿੰਗਲਵਾੜੇ ਵਿਚ ਭਗਤ ਨੂੰ ਮਿਲਣ ਜ਼ਰੂਰ ਆਵੇ,
ਅਭਿਲਾਸ਼ੀ ਚਾਹਤ ਸੀ ਦਰਸ਼ਨ ਜ਼ਰੂਰ ਦੇਨੇ ।
ਥੋੜ੍ਹੇ ਥੋੜ੍ਹੇ ਵਕਫ਼ੇ ਬਾਅਦ ਭਗਤ ਜੀ ਦਾ ਕਰਨ ਦਰਸ਼ਨ,
ਪੈਂਦਾ ਲੰਮਾ ਸਫ਼ਰ ਸੀ ਦੂਰ ਦੇਨੇ ।
ਸਿਰ ਬੀਬੀ ਜੀ ਦੇ ਭਗਤ ਜੀ ਪਿਆਰ ਦੇਂਦੇ,
ਮਸਤਕ ਬੀਬੀ ਦੇ ਅਸਾਰ ਸੀ ਨੂਰ ਦੇਨੇ ।

### ਭਗਤ ਜੀ ਦਾ ਫ਼ਿਕਰ

ਰੁਖਸਤ ਸੰਸਾਰ ਤੋਂ ਜਾਣ ਦੀ ਪਈ ਸੋਝੀ,
ਭਗਤ ਜੀ ਕਿਆਸ ਵਿਚਾਰ ਦੌੜਾਇਆ ਏ ।
ਜ਼ਿੰਮਾ ਰੋਗੀਆਂ ਦੀ ਸੰਭਾਲ ਦਾ ਕੌਣ ਚੁੱਕੇ,
ਕੋਈ ਸ਼ਕਲ ਸੂਰਤ ਨਾ ਸਾਹਮਣੇ ਆਇਆ ਏ ।
ਆਖਰ ਬੀਬੀ ਜੀ ਸਨ ਪਾਸ ਮੌਜੂਦ ਬੈਠੇ,
ਨੈਣ ਭਰਕੇ ਬਚਨ ਸੁਣਾਇਆ ਏ ।
ਮੇਰੀ ਫ਼ਰਿਆਦ ਨੂੰ ਨਾ ਠੁਕਰਾਈਂ ਬੇਟਾ,
ਪੰਡ ਜ਼ਿੰਮਿਆਂ ਦੀ ਤੁਧ ਚੁਕਾਇਆ ਏ।
ਰੁਦਣ ਰੋਣ ਨਾ ਬੀਬੀ ਦਾ ਬੰਦ ਹੋਏ,
ਹੱਥ ਜੋੜ ਕੇ ਬਚਨ ਸੁਣਾਇਆ ਏ ।
ਜੁੱਗ ਜੁੱਗ ਭਗਤ ਜੀ ਤੁਸੀਂ ਆਪ ਜੀਓ,
ਘਾਲਿ ਮੁਸ਼ਕਲਾਂ ਨੂੰ ਜਿਨ੍ਹਾਂ ਨੇ ਚਾਹਿਆ ਏ ।
ਭਗਤ ਭਰੇ ਆਂਸੂ ਮੇਰੇ ਵੱਸ ਨਾਹੀਂ,
ਸੱਦਾ ਧੁਰ ਦਾ ਮੈਨੂੰ ਆਇਆ ਏ ।
ਏਥੇ ਸਦਾ ਨਹੀਂ ਕਿਸੇ ਬੈਠੇ ਰਹਿਣਾ,
ਆਈ ਅਜ਼ਲ ਨੂੰ ਕਿਸ ਪਰਤਾਇਆ ਏ ।

ਇਹ ਜਗਤ ਸਰ੍ਹਾਂ ਮੁਸਾਫ਼ਿਰਾਂ ਦੀ,
ਆਣ ਜਾਣ ਦੀ ਠਾਹਰ ਬਣਾਇਆ ਏ ।
ਬਚਨ ਮੰਨ ਕੇ ਬੀਬੀ ਜੀ ਚੁੱਪ ਹੋਏ,
ਭਗਤਾਂ ਸੱਚਾ ਹੀ ਬਚਨ ਸੁਣਾਇਆ ਏ ।
ਜੋ ਆਇਆ ਤਿਸ ਲਾਜ਼ਮੀ ਚਲੇ ਜਾਣਾ,
ਟਾਇਮ ਸੱਦਾ ਜਦ ਹੁਕਮ ਦਾ ਆਇਆ ਏ ।
ਨਿਮਰਤਾ ਧਾਰਕੇ ਪਿੱਠ 'ਤੇ ਥਾਪ ਦਿੱਤੀ,
ਪੰਡ ਜ਼ੁੰਮਿਆਂ ਦੀ ਤੁਧ ਚੁਕਾਇਆ ਏ ।
ਵਾਹਿਗੁਰੂ ਤੁਸਾਂ ਨੂੰ ਤੌਫ਼ੀਕ ਤੇ ਬਲ ਬਖ਼ਸ਼ੇ,
ਡੰਕਾ ਫ਼ਤਹਿ ਦਾ ਜਾਉ ਵਜਾਇਆ ਏ ।
ਚਲਦੀ ਖੇਡ ਨੂੰ ਛੱਡ ਭਗਤ ਜੀ ਚਲ ਵੱਸੇ,
ਵਾਹਿਗੁਰੂ ਚਰਨਾਂ ਦੇ ਵਿਚ ਜਾ ਸਮਾਇਆ ਏ ।
ਰਵਾਂ ਰਹਿਆ ਖੇਡ ਦਾ ਗੇੜ ਓਵੇਂ,
ਡੱਕਾ ਦਰਿਆ ਨੂੰ ਕਿਸਨੇ ਲਾਇਆ ਏ ।
ਸੇਵਾ ਰੋਗੀਆਂ ਦੀ ਬੀਬੀ ਜੀ ਸੰਭਾਲ ਲਿਤੀ,
ਜਾ ਹਰਿਮੰਦਰ ਸਾਹਿਬ ਦੇ ਸੀਸ ਨਿਵਾਇਆ ਏ ।
ਸਭ ਕੁਝ ਆਪ ਹੋ ਵਾਹਿਗੁਰੂ ਜੀ ਕਰਨਹਾਰੇ,
ਮੈਂ ਔਗੁਣਹਾਰ ਨੂੰ ਜ਼ਿੰਮਾ ਫੜਾਇਆ ਏ ।

## ਵਾਹਿਗੁਰੂ ਅੱਗੇ ਬੀਬੀ ਜੀ ਦੀ ਫ਼ਰਿਆਦ

ਪਾਲਣਹਾਰ ਪ੍ਰਭੂ ਸੱਚਾ ਨਾਮ ਤੇਰਾ,
ਆਪਹੀ ਸ੍ਰਿਸ਼ਟੀ ਦੀ ਛੱਤਰ ਤੇ ਛਾਇਆ ਏ ।
ਲੱਖਾਂ ਸੁਖੀ ਤੇ ਅਨੇਕ ਮਾਯੂਸ ਫਿਰਦੇ,
ਔਖਾ ਝੱਟ ਤੇ ਵਕਤ ਟਪਾਇਆ ਏ ।
ਸਿਰਜਣਹਾਰ ਹੈ ਜਗਤ ਦਾ ਆਪ ਸੱਚਾ,
ਆਹਰੇ ਧੰਦੇ ਸਭ ਤੂੰ ਹੀ ਲਾਇਆ ਏ ।



ਸੋਈ ਸੋਈ ਕਰਦੇ ਦਿਨੇ ਰਾਤ ਤੇਰੀ,
ਵੱਸ ਹੱਥ ਨਹੀਂ ਕਿਸੇ ਫੜਾਇਆ ਏ ।
ਕੀਤੀ ਆਸ਼ਰਮ ਦੀ ਸਾਂਭ ਸੰਭਾਲ ਪੂਰੀ,
ਓੜ ਥੋੜ੍ਹ ਸਭ ਠੀਕ ਕਰਾਇਆ ਏ ।
ਪਾਣੀ ਟੈਂਕੀਆਂ ਤੇ ਰੋਸ਼ਨੀ ਦੇ ਖ਼ਿਆਲ ਰੱਖੇ,
ਮੀਂਹ ਬਾਰਸ਼ਾਂ ਨੇ ਕੀ ਵੰਞਾਇਆ ਏ ।
ਡਿਸਪੈਂਸਰੀ ਵਿਚ ਦਵਾ ਮੌਜੂਦ ਰਹਿੰਦੀ,
ਜ਼ਹਿਮਤ ਦੁੱਖਾਂ ਦੇ ਜਾਇ ਵਰਤਾਇਆ ਏ ।
ਦੁੱਖ ਮੁਸੀਬਤਾਂ ਤੋਂ ਨਿਜ਼ਾਤ ਪਾਉਣ ਖ਼ਾਤਰ,
ਅੱਛੇ ਕਲੀਨਿਕ ਦਾ ਨਿਰਮਾਣ ਕਰਾਇਆ ਏ ।
ਪਾਰਕ ਬਗ਼ੀਚੀ ਆਸ਼ਰਮ ਦੇ ਵਿਚ ਸੋਹੰਦੀ,
ਖ਼ੁਸ਼ਬੂ ਫੁੱਲਾਂ ਦੀ ਮਹਿਕ ਫਲਾਇਆ ਏ ।
ਭਾਂਤ-ਭਾਂਤ ਦੇ ਫੁੱਲ ਰੰਗੀਨ ਸੋਹਣੇ,
ਦਿਲਕਸ਼ ਕੈਸੀ ਪ੍ਰਭੂ ਦੀ ਮਾਇਆ ਏ ।
ਜ਼ੀਨਤ ਆਸ਼ਰਮ ਦੀ ਰਾਜ ਮਹਲ ਵਾਂਗੂੰ,
ਰੋਗੀ ਠਾਕਰਾਂ ਨਿਵਾਸ ਫ਼ਰਮਾਇਆ ਏ ।
ਪਿੰਗਲਵਾੜੇ ਦੀ ਇਮਾਰਤ ਨਿਹਾਇਤ ਸੁੰਦਰ,
ਗੋਇਆ ਜੰਨਤ ਜ਼ਮੀਨ 'ਤੇ ਆਇਆ ਏ ।
ਠੁੱਡੇ ਇੱਟ ਰੋੜੇ ਖਸਤਾ ਫ਼ਰਸ਼ ਸਾਰੇ,
ਭੰਨ ਤੋੜ ਕੇ ਠੀਕ ਕਰਾਇਆ ਏ ।
ਅੱਖਾਂ ਮੀਟ ਕੇ ਚਲੋ ਨਾ ਭੈ ਕੋਈ,
ਸਭ ਡਰ ਅੰਦੇਸ਼ ਮੁਕਾਇਆ ਏ ।

## ਵਾਹਿਗੁਰੂ ਜੀ ਦੀ ਉਸਤਤ

ਪਾਠ ਗੁਰਬਾਣੀ ਦਾ ਰੋਜ਼ ਅਰੰਭ ਹੁੰਦਾ,
ਵੇਲਾ ਅੰਮ੍ਰਿਤ ਦਾ ਸਮਾਂ ਸੁਹਾਇਆ ਏ ।

ਕੰਨਿਆ ਦੇਵੀਆਂ ਗੁਰਬਾਣੀ ਦਾ ਸ਼ਬਦ ਲੈ ਕੇ,
ਹਾਰਮੋਨੀਅਮ ਦੀ ਸੁਰ 'ਤੇ ਗਾਇਆ ਏ ।
ਸੁੰਦਰ ਪਾਠ ਗੁਰਬਾਣੀ ਦੇ ਸ਼ਬਦ ਸੋਹਣੇ,
ਆਵੇ ਸੁਣਦਿਆਂ ਨੂੰ ਅਨੰਦ ਸੁਆਇਆ ਏ ।
ਉਪਮਾ ਰੱਬ ਦੀ ਦਿਲਾਂ 'ਚ ਠੰਡ ਪਾਵੇ,
ਦੁਖ ਦਰਦ ਸੰਤਾਪ ਮਿਟਾਇਆ ਏ ।
ਮਾਨਾਂਵਾਲੇ ਦੀ ਧਰਤੀ ਭਾਗਸ਼ਾਲੀ,
ਓਥੇ ਬਿਰਾਜੀ ਰੂਹ ਭਗਵਾਨ ਦੀ ਏ ।
ਸ਼ੀਰੀ ਜ਼ਬਾਨ ਤੇ ਮਸਤਕ ਨੂਰ ਓਦੇ,
ਸੁੱਖ ਕੁਸ਼ਲਤਾ ਮੰਗੇ ਜਹਾਨ ਦੀ ਏ ।
ਗੁਣ ਵਿਸ਼ੇਸ਼ਤਾ ਲਾਇਕ ਅਕੀਲ ਪੂਰੀ,
ਜਵਾਹਰ ਮੋਤੀ ਓਹ ਕਿਸੇ ਕਾਣ ਦੀ ਏ।
ਜੁਗ ਜੁਗ ਇਸ ਦੀ ਉਮਰ ਦਰਾਜ ਹੋਵੇ,
ਲਾਲਸਾ ਆਪਣੀ ਪ੍ਰਸ਼ੰਸਾ ਤੇ ਮਾਣ ਦੀ ਏ ।

### ਮਾਨਾਂਵਾਲਾ ਦੀ ਜ਼ਮੀਨ ਅਬਾਦ ਕੀਤੀ

ਮਾਨਾਂਵਾਲਾ ਦੀ ਧਰਤੀ ਸੀ ਜੰਗਲ ਉਜਾੜ ਜੇਹੀ,
ਦਬ ਘਾਸ ਡੀਲਾ ਉੱਗੀ ਕਰੀਰ ਓਥੇ ।
ਇਟਸਿਟ ਭਖੜਾ ਬਾਥੂ ਤੇ ਭੰਗ ਉੱਗੀ,
ਢੱਕਿਆ ਜ਼ਮੀਨ ਦਾ ਜਿੰਨੇ ਸਰੀਰ ਓਥੇ ।
ਟਾਹਲੀ ਧਰੇਕ ਕਿੱਕਰ ਤੇ ਤੂਤ ਦਿੱਸਣ,
ਟੋਇਆਂ ਵਿਚ ਸੀ ਮੁਸ਼ਕਿਆ ਨੀਰ ਓਥੇ ।
ਬੀਬੀ ਸਵਾਰਿਆ ਉਹਨੂੰ ਜੰਨਤ ਵਾਂਗੂੰ,
ਆਵੇ ਕਠੂਆ, ਰਾਜ਼ੌਰੀ ਤੇ ਕਸ਼ਮੀਰ ਓਥੇ ।
ਧਰਤੀ ਮਾਨਾਂਵਾਲੇ ਦੀ ਜੰਗਲ ਉਜਾੜ ਜੇਹੀ,
ਪੰਛੀ ਪਰਿੰਦਿਆਂ ਨਿਵਾਸ ਬਣਾਇਆ ਏ ।



ਦਿਨ ਚੜ੍ਹਦਿਆਂ ਡਾਰਾਂ ਉੱਡ ਜਾਵਣ,
ਰਾਤੀਂ ਆਣ ਕੇ ਸ਼ੋਰ ਮਚਾਇਆ ਏ ।
ਚਿੜਚਿੜ ਗਾਲ੍ਹੜਾਂ ਦੀ ਨਹੀਂ ਬੰਦ ਹੁੰਦੀ,
ਟਹਿਣੇ ਕੁਤਰ ਕੇ ਰੁੱਖ ਸੁਕਾਇਆ ਏ।
ਚਿੜੀ ਚਿੜੇ ਦੀ ਆਫ਼ਤ ਮਚਾਈ ਰੱਖਣ,
ਨੱਚ ਭੁੜਕ ਕੇ ਰਾਤ ਬਿਤਾਇਆ ਏ ।
ਘੱਗੂ ਘੁੱਗੀਆਂ ਦੀ ਨਸਲ ਕਮਜ਼ੋਰ ਹੁੰਦੀ,
ਸਾਹ ਸੁੱਖ ਦਾ ਨਾ ਇਕ ਆਇਆ ਏ ।
ਦੁਸ਼ਮਨ ਓਹਨਾਂ ਦੇ ਹਰਾਮੀ ਕਾਂ ਹੁੰਦੇ,
ਆਂਡੇ ਤੋੜਕੇ ਮੂੰਹ ਵਿਚ ਪਾਇਆ ਏ ।
ਰਾਤੀਂ ਸਿੱਧੀਆਂ ਪੁੱਠੀਆਂ ਅਵਾਜ਼ਾਂ ਮੋਰ ਕੱਢਣ,
ਢੇਰੀ ਸੱਪਾਂ ਦੀ ਕੁਤਰ ਕੇ ਲਾਇਆ ਏ ।
ਕਾਲੇ ਬਿੱਲਿਆਂ ਦੀ ਰਾਤੀਂ ਰੌਂਦ ਚਲੇ,
ਸੁੱਤੇ ਕਬੂਤਰਾਂ ਨੂੰ ਮਰੋੜ ਕੇ ਖਾਇਆ ਏ ।
ਵਾਤਾਵਰਣ ਪ੍ਰਦੂਸ਼ਣ ਘੱਟਿਆਂ ਨੇ.
ਸਾਹ ਘੁੱਟ ਕੇ ਸਭ ਭਜਾਇਆ ਏ ।
ਹੁਣ ਓਸ ਧਰਤੀ ਦਾ ਥੱਲਾ ਸਾਫ਼ ਪੂਰਾ,
ਔਂਤਰ ਜਿਣਸਾਂ ਨੂੰ ਮਾਰ ਭਗਾਇਆ ਏ ।
ਕੱਲਾ ਕਲਾਪਾ ਬਾਂਦਰ ਜੇ ਆ ਜਾਵੇ,
ਉਹਨੂੰ ਕੁੱਤਿਆਂ ਨੇ ਮਾਰ ਫਟਕਾਇਆ ਏ ।
ਲੰਬੇ ਨਿਓਲ ਵੀ ਓਥੇ ਜ਼ਰੂਰ ਰਹਿੰਦੇ,
ਘੁਰਨੇ ਖੁੱਡਾਂ ਨੇ ਥਾਂ ਵੰਡਾਇਆ ਏ ।
ਸਭ ਜੂਠਾਂ ਨੂੰ ਬੀਬੀ ਜੀ ਭਜਾ ਦਿੱਤਾ,
ਹੱਥ ਜੋੜ ਕੇ ਮਗਰੋਂ ਲਾਹਿਆ ਏ ।
ਕਲੋਨੀ ਨਿਰਮਾਣ ਸਭ ਹੋਏ ਪੂਰੇ,
ਜਨਕਪੁਰੀ ਦੇ ਵਾਂਗ ਸਜਾਇਆ ਏ ।

ਸੰਵਾਰ ਬਣਵਾ ਕੇ ਬੀਬੀ ਨੇ ਕਮਾਲ ਕੀਤੀ,
ਪਿੰਗਲਵਾੜੇ ਦਾ ਨਾਮ ਚਮਕਾਇਆ ਏ ।
ਆਫ਼ਿਸ, ਗਊਸ਼ਾਲਾ ਤੇ ਸਕੂਲ ਖੋਹਲੇ,
ਮਸੂਨਈ ਅੰਗ ਵੀ ਜਾਣ ਬਣਵਾਇਆ ਏ ।
ਕੱਟੇ ਵੱਢੇ ਸਰੀਰਾਂ ਨੂੰ ਰਾਹਤ ਮਿਲਦੀ,
ਲੰਬੀ ਬਿਪਤਾ ਨੂੰ ਕੁਛ ਘਟਾਇਆ ਏ ।
ਵਹਿਸ਼ੀ **ਅਮਰ** ਨੇ ਇਹ ਪ੍ਰਸੰਗ ਲਿਖੇ,
ਆਗਿਆ ਬੀਬੀ ਦੀ ਨਾਲ ਸੀ ਪਾਇਆ ਏ ।
ਆਫ਼ਤ ਜ਼ਲਜ਼ਲਾ ਹਨੇਰੀਆਂ ਤੁਫ਼ਾਨ ਵਗਣ,
ਅਨੇਕ ਜਾਨਾਂ ਦਾ ਨਾਸ ਕਰਾਇਆ ਏ ।
ਧਨ ਮਾਲ ਸਮਾਨ ਬਰਬਾਦ ਹੋਏ,
ਭਾਣਾ ਰੱਬ ਦਾ ਕਿਸ ਮਿਟਾਇਆ ਏ ।
ਅਖ਼ਬਾਰ ਸੁਰਖੀ ਪੜ੍ਹ ਕੇ ਰੌਂਗਟੇ ਖੜ੍ਹੇ ਹੁੰਦੇ,
ਕਿਆਸ ਵਿਚਾਰ ਦੀ ਸਿਆਣਿਆਂ ਲਾਇਆ ਏ ।
ਪਰਾਏ ਦੁੱਖ ਨੂੰ ਆਪਣੀ ਪੀੜ ਮੰਨੀ,
ਸੇਵਾ ਮਦਦ ਦਾ ਪਲਾਨ ਬਣਾਇਆ ਏ ।
ਮਾਇਆ ਵਰਤ ਕੇ ਲੋਕਾਂ ਦਾ ਦੁੱਖ ਵੰਡੋ,
ਦਰਦਮੰਦਾਂ ਨੇ ਇਹ ਫ਼ਰਮਾਇਆ ਏ ।
ਅਮੀਰ ਸੇਠ ਤੇ ਦੇਸ਼ ਵਾਸੀਆਂ ਨੇ,
ਕੱਠੇ ਰਾਹਤ ਸਮੱਗਰੀ ਸਮਾਨ ਘਲਾਇਆ ਏ ।
ਆਪਣੀ ਸਰਕਾਰ ਨੇ ਕਸਰ ਨਾ ਕੋਈ ਛੱਡੀ,
ਫੌਜੀ ਜਵਾਨਾਂ ਤੇ ਪੁਲਸ ਘਲਾਇਆ ਏ ।
ਦਿਨ ਰਾਤ ਜਿਨ੍ਹਾਂ ਨੇ ਇਕ ਕੀਤੀ,
ਆਫ਼ਤ ਕਹਿਰ ਤੋਂ ਕਈਆਂ ਬਚਾਇਆ ਏ ।
ਰਾਸ਼ਨ ਸਮੱਗਰੀ ਲਈ ਟਰੱਕਾਂ ਦੀ ਕਤਾਰ ਲੱਗੀ,
ਢੋਂਦੇ ਲੱਦਦਿਆਂ ਨੂੰ ਵਾਰ ਨਾ ਆਇਆ ਏ ।



ਜਾ ਬਜਾ ਪੀੜਤਾਂ ਨੂੰ ਸਾਮਾਨ ਦਿੱਤਾ,
ਫ਼ਰਜ਼ ਨਿਭਾ ਕੇ ਸ਼ੁਕਰ ਮਨਾਇਆ ਏ ।
ਕਈ ਦਫ਼ਾ ਪਹਿਲੇ ਭੀ ਤਬਾਹੀ ਵਾਕਿਆਤ ਹੋਏ,
ਸਮੇਂ ਸਮੇਂ ਸਿਰ ਟਰੱਕ ਭਿਜਵਾਇਆ ਏ ।
ਆਟਾ, ਦਾਲ, ਖੰਡ ਤੇ ਚੌਲ ਭੇਜੇ,
ਕੰਬਲ, ਖੇਸ, ਦਰੀਆਂ ਦਾ ਟਰੱਕ ਤੋਰ ਪੁਚਾਇਆ ਏ ।
ਦਿਲ ਖੋਹਲ ਕੇ ਬੀਬੀ ਪਿੰਗਲਵਾੜੇ ਤੋਂ ਹਿੰਮਤ ਮਾਰੀ,
ਮਹਾਨ ਫ਼ਰਜ਼ ਦਾ ਪੁੰਨ ਕਮਾਇਆ ਏ ।
ਸਭ ਰਾਸ਼ਨ ਵਸਤਾਂ ਬਖ਼ਸ਼ਿਸ਼ ਭਗਵਾਨ ਦੀ ਹੈ,
ਦਿੱਤਾ ਉਸ ਦਾ ਹੀ ਪੀੜਿਤਾਂ ਖਾਇਆ ਏ।
ਦੁਖ ਪੀੜਿਤਾਂ ਦਾ ਇਤਨਾ ਵੇਖਕੇ ਤੇ,
ਅਸਾਂ ਵਾਸਤਾ ਰੱਬ ਨੂੰ ਪਾਇਆ ਏ ।
ਯਾ ਅੱਲ੍ਹਾ ਤੂੰ ਅੱਗੇ ਤੋਂ ਖ਼ਿਆਲ ਰੱਖੀਂ,
ਸਾਡੀ ਫ਼ਰਿਆਦ ਨੂੰ ਨਾ ਰੱਦੀ ਸੁਟਾਇਆ ਏ ।
ਕੋਟ ਕੋਟ ਵਾਹਿਗੁਰੂ ਜੀ ਸਾਡੀ ਪ੍ਰਣਾਮ ਲੱਗੇ,
ਸਾਡੀ ਅਰਜ਼ ਕਬੂਲ ਫ਼ਰਮਾਇਆ ਏ ।

**ਸ੍ਰੀ ਅਮਰਨਾਥ ਸੇਵਾਦਾਰ**

# ਤਿਆਗ ਦੀ ਮੂਰਤ

ਸਦਾ ਚਿਹਰੇ 'ਤੇ ਮੁਸਕਾਨ ਰਹੇ,
ਨੇੜੇ ਨਾ ਕਦੇ ਥਕਾਨ ਰਹੇ ।
ਸਦਾ ਉੱਚੀ ਸੁੱਚੀ ਸੋਚ ਰਹੇ,
ਫ਼ਤਹਿ ਤਾਹੀਓਂ ਹਰ ਮੈਦਾਨ ਰਹੇ ।
ਉਹ ਅੱਕਦੇ ਨਹੀਂ, ਉਹ ਥੱਕਦੇ ਨਹੀਂ,
ਉਹ ਡਰਦੇ ਨਹੀਂ ਉਹ ਝੁੱਕਦੇ ਨਹੀਂ,
ਉਹ ਲੋਕ ਭਲਾਈ ਕੰਮਾਂ ਲਈ,
ਸਦਾ ਅੱਗੇ ਆਉਣ ਤੋਂ ਰੁਕਦੇ ਨਹੀਂ ।
ਜਦ ਮਲ੍ਹਮ ਜ਼ਖ਼ਮੀਂ ਲਾਉਂਦੇ ਨੇ,
ਸਭਨਾਂ ਦੇ ਮਨ ਨੂੰ ਭਾਉਂਦੇ ਨੇ,
ਹਰ ਖੁਸ਼ੀ ਦਿਹਾੜੇ ਬਰਸੀ 'ਤੇ,
ਸਭ ਨਾਲ ਮਿਲ ਭੰਗੜੇ ਪਾਉਂਦੇ ਨੇ ।
ਇਹ ਮਾਂ ਹੈ ਹਰ ਦੁਖਿਆਰੇ ਦੀ,
ਨਹੀਂ ਕੱਲੀ ਇੱਕ ਪਿਆਰੇ ਦੀ,
ਬੁੱਕਲ ਵਿਚ ਇੱਜ਼ਤ ਸਾਂਭ ਲਈ,
ਇਨ੍ਹਾਂ ਪਿੰਗਲਵਾੜੇ ਸਾਰੇ ਦੀ ।
ਜਿੰਦਣ ਦੀ ਡੋਰ ਸੰਭਾਲੀ ਹੈ,
ਨਿਰੀ ਸੋਚ ਭਗਤ ਜੀ ਵਾਲੀ ਹੈ,
ਵਿੱਚ ਦੁਨੀਆਂ ਪਿੰਗਲਵਾੜੇ ਦੀ,
ਕਰ ਉੱਚੀ ਸ਼ਾਨ ਵਿਖਾਲੀ ਹੈ ।

–ਜੈ ਸਿੰਘ 'ਜੱਸਾ'
ਪ੍ਰਸ਼ਾਸਕ, (ਮਾਨਾਂਵਾਲਾ ਕੰਪਲੈਕਸ)
ਪਿੰਗਲਵਾੜਾ ਅੰਮ੍ਰਿਤਸਰ



# ਪਾਲ ਸੰਗਰੂਰੀ ਦੇ ਦਿਲ ਵਿੱਚ ਇੰਦਰਜੀਤ ਕੌਰ ਦਾ ਸਤਿਕਾਰ

ਗੀਤਕਾਰ :– ਕਪਤਾਨ ਪਾਲ ਸਿੰਘ ਉਰਫ "ਪਾਲ ਸੰਗਰੂਰੀ"
ਮੋਬਾਇਲ ਨੰਬਰ :– 92179-28850

ਲੇਖੇ ਲਾ ਲਈ ਜ਼ਿੰਦਗੀ ਆਪਣੀ ਛੱਡ ਕੇ ਤੂੰ ਘਰ ਬਾਰ,
ਤੇਰੀ ਅਜਬ ਕਹਾਣੀ ਤੇ ਤੇਰਾ ਅਜਬ ਪਿਆਰ ।
ਵਾਹ ਨੀ ਇੰਦਰਜੀਤ ਵਾਹ ਨੀ ਤੇਰੇ, ਤੇਰੀ ਜੈ ਜੈ ਕਾਰ......
ਪੂਰਨ ਭਗਤ ਦੇ ਪਾਏ ਪੂਰਨੇ ਤੂੰ ਚੱਲ ਪਈ ਉਨ੍ਹਾਂ ਰਾਹਾਂ 'ਤੇ,
ਮਾਨਸ ਜਨਮ ਹੈ ਦਰਦਾਂ ਭਰਿਆ ਤੂੰ ਬੰਨ੍ਹਦੀ ਪੱਟੀਆਂ ਘਾਵਾਂ 'ਤੇ।
ਪਿੰਗਲੇ ਪਾਗਲ ਮਾਨਸਿਕ ਰੋਗੀ ਤੂੰ ਸਭ ਨੂੰ ਕਰੇਂ ਪਿਆਰ,
ਵਾਹ ਨੀ ਇੰਦਰਜੀਤ ਵਾਹ ਨੀ ਤੇਰੇ, ਤੇਰੀ ਜੈ ਜੈ ਕਾਰ.......
ਤੈਨੂੰ ਸਭ ਕੁਝ ਦਿੱਤਾ ਰੱਬ ਨੇ ਪਰ ਤੂੰ ਕਿਹੜਾ ਰਾਹ ਅਪਣਾਇਆ,
ਲੇਖੇ ਲਾ ਕੇ ਜ਼ਿੰਦਗੀ ਆਪਣੀ ਤੂੰ ਸੱਚਾ ਕਰਮ ਕਮਾਇਆ ।
ਰਹਿੰਦੀ ਦੁਨੀਆਂ ਤਕ ਰਹਿਣਾ ਤੇਰੇ ਨਾਉਂ ਦਾ ਪਰਉਪਕਾਰ,
ਵਾਹ ਨੀ ਇੰਦਰਜੀਤ ਵਾਹ ਨੀ ਤੇਰੇ, ਤੇਰੀ ਜੈ ਜੈ ਕਾਰ......
ਸੇਵਾ ਤੇਰੀ ਪਿਛਲੇ ਜਨਮ ਦੀ ਮਿਲਗੀ ਏਸ ਜਨਮ ਨੀ ਆਕੇ,
ਹੁਣ ਰੱਬ ਨੇ ਝੋਲੀ ਪਾ ਦਿੱਤੇ ਇਹ ਸਭ ਤੇਰੇ ਲਾਲ ਬਣਾਕੇ ।
ਦਰਦ ਨਾ ਦੱਸਣ ਦੁਖ ਨਾ ਦੱਸਣ ਨਾ ਜਾਣਨ ਖੁਸ਼ੀ ਬਹਾਰ,
ਵਾਹ ਨੀ ਇੰਦਰਜੀਤ ਵਾ ਨੀ ਤੇਰੇ, ਤੇਰੀ ਜੈ ਜੈ ਕਾਰ........
ਬਹੁਤ ਕਰਮ ਹੈ ਤੇਰਾ ਵੱਡਾ ਜੋ ਸਭ ਤੇਰੇ ਲੜ ਨੇ ਲਾਏ,
ਜੁਗ ਜੁਗ ਜੀਵੇ ਤੂੰ ਮਾਤਾ ਨੀ ਤੈਨੂੰ ਵਾ ਤੱਤੜੀ ਨਾ ਆਏ ।
ਕੌਣ ਕਿਸੇ ਦਾ ਦਰਦ ਸਹੇ ਤੇ ਕੌਣ ਕਰੇ ਸਤਿਕਾਰ,
ਵਾਹ ਨੀ ਇੰਦਰਜੀਤ ਵਾਹ ਨੀ ਤੇਰੇ, ਤੇਰੀ ਜੈ ਜੈ ਕਾਰ....
ਮਾਂ ਬਾਪ ਦਾ ਏਹ ਪਤਾ ਨਾ ਜਾਣਨ ਤੂੰ ਬਣਗੀ ਇਹਨਾਂ ਦੀ ਦਾਸੀ,
ਮਿਲਿਆ ਮਾਨਸ ਜਨਮ ਇਹਨਾਂ ਨੂੰ ਨਾਲੇ ਕੱਟ ਕੇ ਆਏ ਚੁਰਾਸੀ।
ਕਰਮਾਂ ਦੇ ਫਲ ਇਹ ਲੈਂਦੇ 'ਪਾਲ' ਜਾਣੇ ਉਹ ਕਰਤਾਰ,
ਵਾਹ ਨੀ ਇੰਦਰਜੀਤ ਵਾਹ ਨੀ ਤੇਰੇ, ਤੇਰੀ ਜੈ ਜੈ ਕਾਰ.....

–੦–

# ਬੀਬੀ ਇੰਦਰਜੀਤ ਦਾ ਬੱਚਿਆਂ ਨਾਲ ਪਿਆਰ

ਗੀਤਕਾਰ :- ਕਪਤਾਨ ਪਾਲ ਸਿੰਘ ਉਰਫ "ਪਾਲ ਸੰਗਰੂਰੀ"
ਮੋਬਾਇਲ ਨੰਬਰ :- 92179-28850

ਮਨ ਮਰਜ਼ੀ ਦੇ ਮਾਲਕੋ ਤੁਸੀਂ ਹੋ ਮੇਰੇ ਬੱਚੇ,
ਵਲ ਫਰੇਬ ਨਾ ਕੋਈ ਦਿੱਸਦਾ ਪਰ ਹੋ ਦਿਲ ਦੇ ਸੱਚੇ ।
ਮਨ ਮਰਜ਼ੀ ਦੇ ਮਾਲਕੋ ਤੁਸੀਂ ਹੋ ਮੇਰੇ ਬੱਚੇ........
ਆਪੇ ਹੱਸਣਾ ਆਪੇ ਰੋਣਾ ਆਪਣੇ ਰੰਗ ਵਿਚ ਤੁਸੀਂ ਹੈ ਰੰਗਣਾ,
ਨਾ ਜਾਣੋ ਤੁਸੀਂ ਭੇਦ ਭਾਵ ਨੂੰ ਨਾ ਜਾਣੋ ਤੁਸੀਂ ਕਿਸੇ ਤੋਂ ਸੰਗਣਾ ।
ਕੋਈ ਪਤਾ ਨਹੀਂ ਭੈਣ ਭਰਾ ਨਾ ਪਤਾ ਕਿਸ ਮਾਂ ਦੇ ਹੋ ਜੱਚੇ,
ਮਨ ਮਰਜ਼ੀ ਦੇ ਮਾਲਕੋ ਤੁਸੀਂ ਹੋ ਮੇਰੇ ਬੱਚੇ.......
ਮੇਰੀ ਮਮਤਾ ਹਰ ਪਲ ਤੁਹਾਡੇ ਦੀਦਾਰ ਨੂੰ ਤਰਸ ਰਹੀ ਹੈ,
ਮੇਰੇ ਕਰਮਾਂ ਵਿਚ ਹੈ ਜੋ ਉਹ ਤੁਹਾਡਾ ਪਿਆਰ ਹੀ ਬਹੁਤ ਸਹੀ ਹੈ ।
ਤੁਹਾਡੇ ਸਾਹਾਂ ਨਾਲ ਸਾਹ ਚੱਲਦੇ ਮੇਰੇ, ਤੁਸੀਂ ਦਿਲ ਮੇਰੇ ਵਿਚ ਰਚੇ,
ਮਨ ਮਰਜ਼ੀ ਦੇ ਮਾਲਕੋ ਤੁਸੀਂ ਹੋ ਮੇਰੇ ਬੱਚੇ.........
ਆਪੇ ਬੀਜ ਆਪੇ ਹੀ ਖਾ ਨਾਨਕ ਹੁਕਮੀ ਆਵੇ ਜਾ,
ਮਿਲਿਆ ਕਰਮਾਂ ਦਾ ਲਿਖਿਆ ਉਹ ਦੇਂਦਾ ਸਭ ਨੂੰ ਸਜ਼ਾ ।
ਨਾ ਧਰਮ ਪਤਾ ਨਾ ਕਰਮ ਪਤਾ ਹਰ ਪਾਸਿਉਂ ਤੁਸੀਂ ਕੱਚੇ,
ਮਨ ਮਰਜ਼ੀ ਦੇ ਮਾਲਕੋ ਤੁਸੀਂ ਹੋ ਮੇਰੇ ਬੱਚੇ..........
ਪੂਰਨ ਭਗਤ ਵੀ ਪੂਰਨ ਹੋ ਗਿਆ ਕਰਕੇ ਤੁਹਾਡੀ ਸੇਵਾ,
ਵਿਚ ਸਵਰਗਾਂ ਬੈਠ ਤੁਹਾਨੂੰ ਭੇਜੇ ਪਿਆਰ ਸਨੇਹਾ
'ਪਾਲ' ਪਿਆਰਾਂ ਦੇ ਫੁੱਲ ਸੁੱਟਦਾ ਉੱਪਰੋਂ ਉਹ ਨਾਲ ਤੁਹਾਡੇ ਹੱਸੇ,
ਮਨ ਮਰਜ਼ੀ ਦੇ ਮਾਲਕੋ ਤੁਸੀਂ ਹੋ ਮੇਰੇ ਬੱਚੇ..........

-o-



# ਬੀਬੀ ਇੰਦਰਜੀਤ ਦੀ ਆਤਮਾ ਦੀ ਅਵਾਜ਼ ਇਹਨਾਂ ਰੋਗੀਆਂ ਪ੍ਰਤੀ

ਗੀਤਕਾਰ :- ਕਪਤਾਨ ਪਾਲ ਸਿੰਘ ਉਰਫ "ਪਾਲ ਸੰਗਰੂਰੀ"
ਮੋਬਾਇਲ ਨੰਬਰ :- 92179-28850

ਰੱਬ ਦਾ ਦੀਦਾਰ ਮੈਨੂੰ ਤੁਹਾਡੇ ਵਿਚੋਂ ਮਿਲਦਾ,
ਮੇਰੀ ਆਤਮਾ ਦੇ ਵਿੱਚ ਫੁੱਲ ਇਕ ਖਿਲਦਾ ।
ਸੱਚ ਪੁੱਛੋ ਸੱਚ ਪੁੱਛੋ ਤੁਸੀਂ ਓ ਅਰਾਮ ਮੇਰੇ ਦਿਲ ਦਾ.....
ਤੁਹਾਡੇ ਜੀ ਪਿਆਰ ਦਾ ਰੰਗ ਇਕ ਵੱਖਰਾ,
ਨਾ ਹੀ ਕੋਈ ਰੋਸ ਹੈ ਤੇ ਨਾ ਹੀ ਕੋਈ ਨਖਰਾ ।
ਰੱਬ ਦੀ ਰਜ਼ਾ ਵਿਚ ਰਹਿਣਾ ਤੁਸੀਂ ਸਿੱਖਿਆ,
ਉਹਦੇ ਬਿਨਾਂ ਜੱਗ 'ਤੇ ਨਾ ਪੱਤਾ ਕੋਈ ਹਿੱਲਦਾ ।
ਸੱਚ ਪੁੱਛੋ ਸੱਚ ਪੁੱਛੋ ਤੁਸੀਂ ਓ ਅਰਾਮ ਮੇਰੇ ਦਿਲ ਦਾ.....
ਤੁਹਾਡੀਆਂ ਅਵਾਜ਼ਾਂ ਵਿਚ ਰਾਮ ਹੈ ਵੱਸਦਾ,
ਤੁਹਾਡੀਆਂ ਅਵਾਜ਼ਾਂ ਵਿਚ ਵਾਹਿਗੁਰੂ ਹੱਸਦਾ ।
ਤੁਹਾਡੀਆਂ ਹਰਕਤਾਂ ਵਿਚ ਅੱਲ੍ਹਾ ਹੈ ਰੱਸਦਾ,
ਲੇਖਾ ਦੇਣ ਆਏ ਓ ਹਿਸਾਬ ਤਿਲ ਤਿਲ ਦਾ ।
ਸੱਚ ਪੁੱਛੋ ਸੱਚ ਪੁੱਛੋ ਤੁਸੀਂ ਓ ਅਰਾਮ ਮੇਰੇ ਦਿਲ ਦਾ.....
ਛੇੜ ਕੇ ਓ ਰਾਗਾਂ ਨੂੰ ਏਹ ਰਾਗ ਬੜੇ ਸੱਚੇ ਨੇ,
ਆਖਦੇ ਨੇ ਸਾਰੇ ਇਹ ਪ੍ਰਮਾਤਮਾ ਦੇ ਬੱਚੇ ਨੇ ।
ਹਰਕਤਾਂ ਤੋਂ ਲੱਗਦਾ ਇਹ ਅਕਲਾਂ ਦੇ ਕੱਚੇ ਨੇ,
ਨਾ ਪਤਾ ਸੱਚ ਝੂਠ ਦਾ ਤੇ ਨਾ ਪੱਥਰ ਤੇ ਸਿੱਲ ਦਾ ।
ਸੱਚ ਪੁੱਛੋ ਸੱਚ ਪੁੱਛੋ ਤੁਸੀਂ ਓ ਅਰਾਮ ਮੇਰੇ ਦਿਲ ਦਾ.....

ਨਾ ਪੜ੍ਹਦੇ ਓ ਬਾਣੀ ਨਾ ਸੁਣਦੇ ਓ ਬਾਣੀ,
ਰੱਬ ਨੇ ਰਚ ਦਿੱਤੀ ਤੁਹਾਡੀ ਅਜਬ ਕਹਾਣੀ ।
ਮੰਮੀ ਮੰਮੀ ਕਹਿ ਦਿਨੇ ਓ ਹਰ ਚੀਜ਼ ਅਣਜਾਣੀ,
ਪਿਆਰ ਹੈ ਦਿਲ ਵਿਚ ਪਰ ਇਜ਼ਹਾਰ ਨਹੀਂ ਖਿਲਦਾ ।
ਸੱਚ ਪੁੱਛੋ ਸੱਚ ਪੁੱਛੋ ਤੁਸੀਂ ਓ ਅਰਾਮ ਮੇਰੇ ਦਿਲ ਦਾ.....
ਪਿਛਲੇ ਜਨਮ ਦੇ ਲੇਖਿਆਂ ਦਾ ਜੀ ਲੇਖਾ ਹੈ,
ਹੱਥਾਂ ਵਿਚ ਨਾ ਜਾਣੇ ਤੁਹਾਡੇ ਕਿਹੜੀ ਰੇਖਾ ਹੈ ।
ਲਿਖਿਆ ਜੀਹਦੇ ਵਿਚ ਤੜਫਨ ਵਾਲਾ ਸੇਕਾ ਹੈ,
ਟੁੱਟ ਜਾਵੇ ਫੁੱਲ 'ਪਾਲ' ਨਾ ਮੁੜ ਕਦੇ ਖਿਲਦਾ ।
ਸੱਚ ਪੁੱਛੋ ਸੱਚ ਪੁੱਛੋ ਤੁਸੀਂ ਓ ਅਰਾਮ ਮੇਰੇ ਦਿਲ ਦਾ.....

-o-



## ਰੁੱਖ

ਸਉਣ ਮਹੀਨੇ ਦੇ ਵਿਚ ਮਿਲਕੇ
ਇਕ ਇਕ ਰੁੱਖ ਲਗਾਈਏ ।
ਖੁਰਦੀ ਜਾਂਦੀ ਪਰਤ ਧਰਤ ਦੀ
ਮਿਲ ਕੇ ਅਸੀਂ ਬਚਾਈਏ ।
ਹਰਾ ਭਰਾ ਹੈ ਚੰਗਾ ਲੱਗਦਾ
ਸ਼ੁੱਧ ਹਵਾ ਹੋ ਜਾਂਦੀ,
ਜਿੱਥੇ ਜੰਗਲ ਬੇਲੇ ਹੁੰਦੇ
ਬਾਰਸ਼ ਮੁੜ ਮੁੜ ਆਂਦੀ ।
ਬੂਟੇ ਸਾਨੂੰ ਫਲ ਫੁੱਲ ਦਿੰਦੇ
ਨਾਲੇ ਦਿੰਦੇ ਛਾਵਾਂ,
ਕਈ ਬੂਟੇ ਗੁਣਕਾਰੀ ਹੁੰਦੇ,
ਜਿੱਥੋਂ ਮਿਲਣ ਦਵਾਵਾਂ ।
ਕਈ ਪੰਛੀ ਤਾਂ ਰੁੱਖਾਂ ਉੱਪਰ
ਰਹਿਣ ਆਲ੍ਹਣੇ ਪਾਉਂਦੇ,
ਮੀਂਹ ਹਨੇਰੀ ਝੱਖੜ ਦੇ ਵਿਚ
ਆਪਣਾ ਆਪ ਬਚਾਉਂਦੇ ।
ਰੁੱਖ ਅਸਾਡੀ ਬਰਕਤ ਨੇ
ਤੇ ਰੁੱਖ ਅਸਾਡਾ ਗਹਿਣਾ,
ਨਾ ਕੱਟੀਏ ਨਾ ਕੱਟਣ ਦਈਏ
ਪਹਿਰਾ ਦਿੰਦੇ ਰਹਿਣਾ ।
ਇਕ ਰੁੱਖ ਤੇ ਸੌ ਸੁੱਖ ਵਾਲਾ
ਆਉ ਫ਼ਰਜ਼ ਨਿਭਾਈਏ,
ਵਾਧੂ ਰੁੱਖ ਲਗਾ ਕੇ 'ਜੱਸਿਆ'
ਹਰੀ-ਕ੍ਰਾਂਤੀ ਲਿਆਈਏ ।

- ਜੈ ਸਿੰਘ 'ਜੱਸਾ'
ਪ੍ਰਸ਼ਾਸਕ ਮਾਨਾਂਵਾਲਾ ਕੰਪਲੈਕਸ,
ਪਿੰਗਲਵਾੜਾ ਅੰਮ੍ਰਿਤਸਰ

## ਰੁੱਖ

ਜ਼ਿੰਦਗੀ 'ਚ ਚਾਹੁੰਨੈ ਕਦੇ ਆਵੇ ਨਾ ਕੋਈ ਦੁੱਖ ਵੇ ।
ਲਾਈ ਚੱਲ ਪੌਦੇ ਕਦੇ ਕੱਟੀ ਨਾ ਤੂੰ ਰੁੱਖ ਵੇ ।
ਮਿੱਟੀ ਇਹ ਪਹਾੜਾਂ ਵਾਲੀ ਖੁਰਨੋਂ ਬਚਾਂਵਦੇ,
ਬੱਦਲਾਂ ਨੂੰ ਘੇਰ ਘੇਰ ਬਾਰਿਸ਼ਾਂ ਕਰਾਂਵਦੇ ।
ਧਰਤੀ ਦੀ ਪਾਣੀ ਨਾਲ ਭਰੀ ਰਹੇ ਕੁੱਖ ਵੇ,
ਲਾਈ ਚੱਲ ਪੌਦੇ ਕਦੇ ਕੱਟੀਂ ਨਾ ਤੂੰ ਰੁੱਖ ਵੇ ।
ਗਰਮੀ 'ਚ ਵੱਢ ਖਾਣੀ ਧੁੱਪ ਜਦੋਂ ਪੈਂਦੀ ਐ,
ਇਹਨਾਂ ਥੱਲੇ ਬੈਠ ਉਦੋਂ ਸੀਨੇ ਠੰਢ ਪੈਂਦੀ ਐ ।
ਕਿੰਨਾ ਹੀ ਸਕੂਨ ਮਿਲੇ ਕਿੰਨਾ ਮਿਲੇ ਸੁੱਖ ਵੇ,
ਲਾਈ ਚੱਲ ਪੌਦੇ ਕਦੇ ਕੱਟੀਂ ਨਾ ਤੂੰ ਰੁੱਖ ਵੇ ।
ਵੇਖ ਹਰਿਆਲੀ ਕਿੰਨਾ ਚੈਨ ਮਿਲੇ ਅੱਖਾਂ ਨੂੰ,
ਹੜ੍ਹਾਂ ਤੇ ਤੂਫ਼ਾਨਾਂ ਤੋਂ ਬਚਾਉਂਦੇ ਰੁੱਖ ਲੱਖਾਂ ਨੂੰ ।
ਲੋੜ ਅੱਜ ਦੁਨੀਆਂ ਤੇ ਇਹੋ ਪ੍ਰਮੁੱਖ ਵੇ,
ਲਾਈ ਚੱਲ ਪੌਦੇ ਕਦੇ ਕੱਟੀਂ ਨਾ ਤੂੰ ਰੁੱਖ ਵੇ ।
ਹਟੀਆਂ ਨਾ 'ਜੱਸਿਆ' ਜੇ ਚਲਣੋਂ ਇਹ ਆਰੀਆਂ,
ਕੁਦਰਤੀ ਚੋਟਾਂ ਨਹੀਉਂ ਜਾਣੀਆਂ ਸਹਾਰੀਆਂ ।
ਛੱਡ ਦੇ ਕਸਾਈਪੁਣਾ ਬਣ ਜਾ ਮਨੁੱਖ ਵੇ,
ਲਾਈ ਚੱਲ ਪੌਦੇ ਕਦੇ ਕੱਟੀ ਨਾ ਤੂੰ ਰੁੱਖ ਵੇ।
ਭਗਤ ਜੀ ਦੇ ਜੀਵਨ ਤੋਂ ਲਉ ਇਹ ਸਿੱਖਿਆ,
ਜੀਅ ਜਾਨ ਲਾ ਕੇ ਕਰੋ ਬੂਟਿਆਂ ਦੀ ਰੱਖਿਆ ।
ਗੁਰੂ ਵਾਲੀ ਗੋਲਕ ਗ਼ਰੀਬ ਵਾਲਾ ਮੁੱਖ ਵੇ,
ਲਾਈ ਚੱਲ ਪੌਦੇ ਕਦੇ ਕੱਟੀ ਨਾ ਤੂੰ ਰੁੱਖ ਵੇ ।

-ਜੈ ਸਿੰਘ 'ਜੱਸਾ'
ਪ੍ਰਸ਼ਾਸਕ ਮਾਨਾਂਵਾਲਾ ਕੰਪਲੈਕਸ,
ਪਿੰਗਲਵਾੜਾ ਅੰਮ੍ਰਿਤਸਰ



## ਜੰਗਲ ਬੂਟੇ

ਕਾਦਰ ਦੀ ਹੈ ਕੁਦਰਤ ਨਿਆਰੀ ।
ਰੱਬ ਬਣਾਈ ਕੈਸੀ ਕਿਆਰੀ ।
ਨਾ ਕੋਈ ਇਸ ਨੂੰ ਪਾਣੀ ਪਾਵੇ ।
ਨਾ ਕੋਈ ਇਸਦੀ ਗੋਡੀ ਕਰਾਵੇ ।
ਭਾਂਤ ਭਾਂਤ ਦੇ ਰੁੱਖ ਨੇ ਉੱਗਣ ।
ਭਾਂਤ ਭਾਂਤ ਦੇ ਫੁੱਲ ਫਲ ਲੱਗਣ ।
ਘਾਹ ਬੂਟ ਦਾ ਕੋਈ ਸੁਮਾਰ ਨਾ ।
ਕਿਸਮਾਂ ਦਾ ਕੋਈ ਪਾਰਾਵਾਰ ਨਾ ।
ਜੀਵ ਜੰਤੂ ਨੇ ਇਸ 'ਤੇ ਪਲਦੇ ।
ਪਸ਼ੂ ਪੰਛੀ ਪਏ ਮੌਜਾਂ ਕਰਦੇ ।
ਕਈਆਂ ਲਈ ਜੇ ਰੈਣ ਬਸੇਰਾ ।
ਕਈਆਂ ਲਈ ਹੈ ਭੋਜਨ ਚੰਗੇਰਾ ।
ਆਪਸ ਵਿਚ ਇਹ ਜੱਫੀਆਂ ਪਾਵਣ ।
ਮਿਲਕੇ ਰਹਿਣ ਦੀ ਜਾਚ ਸਿਖਾਵਣ ।
ਭਾਂਤ-ਭਾਂਤ ਦੀ ਲੱਕੜੀ ਦੇਵਣ ।
ਬਦਲੇ ਇਸਦੇ ਕੁਝ ਨਾ ਲੇਵਣ ।
ਮਨੁੱਖਤਾ ਲਈ ਹੈ ਅਮੁੱਲ ਖ਼ਜ਼ਾਨਾ ।
ਬੇਕਦਰੇ ਨੇ ਕਦਰ ਨਾ ਜਾਨਾ ।
ਗੰਦੀ ਹਵਾ ਨੂੰ ਸਾਫ਼ ਬਣਾਵੇ ।
ਬਾਰਸ਼ ਨੂੰ ਇਹ ਸੱਦ ਲਿਆਵੇ ।
ਰੁੱਖ ਪੌਦਿਆਂ ਤੋਂ ਬਣਨ ਦਵਾਈਆਂ ।
ਹਰਿਆਲੀ ਨੇ ਹਨ ਰੌਣਕਾਂ ਲਾਈਆਂ ।

ਪੱਤਝੜ ਪਿਛੋਂ ਆਏ ਬਹਾਰ ।
ਹਰ ਪੌਦੇ 'ਤੇ ਆਏ ਨਿਖਾਰ ।
ਪੰਛੀ ਨਦੀਆਂ ਅਤੇ ਹਵਾ ।
ਫਲ ਤੇ ਬੀਜ ਲੈਣ ਵਹਾ ।
ਜੰਗਲਾਂ ਦਾ ਘੇਰਾ ਵਧ ਜਾਵੇ ।
ਪੰਛੀ ਪਸ਼ੂਆਂ ਦੇ ਮਨ ਭਾਵੇ ।
ਮਨੁੱਖ ਨਦੀਆਂ 'ਤੇ ਕਬਜ਼ਾ ਕਰਦਾ ।
ਜੰਗਲਾਂ ਨੂੰ ਵੀ ਵੱਢ ਸਰਦਾ ।
ਜੇਕਰ ਜੰਗਲ ਜਾਣਗੇ ਘੱਟ ।
ਗਰਮੀ ਸਾਡੇ ਕੱਢੂ ਵੱਟ ।
'ਕਲਸੀ' ਕੁਦਰਤ ਗਣੀ ਮਨਾਈਏ ।
ਵੱਧ ਤੋਂ ਵੱਧ ਰੁੱਖ ਲਗਾਈਏ ।
ਕੁਦਰਤ ਦੀ ਹੈ ਚੀਜ਼ ਪਿਆਰੀ ।
ਜੰਗਲਾਂ 'ਤੇ ਨਾ ਲਾਈਏ ਆਰੀ ।

ਮਹਿੰਗਾ ਸਿੰਘ 'ਕਲਸੀ'
94172-17387



## ਰੁੱਖ ਰਾਖਾ ਮਾਨਵ ਦਾ

ਪ੍ਰਿੰ: ਕਰਤਾਰ ਸਿੰਘ ਕਾਲੜਾ

ਰੋਂਦੀ ਹੈ ਧਰਤੀ ਮਾਂ
ਵਾਯੂ ਵਿਰਲਾਪ ਕਰੇ।
ਰੁੱਖਾਂ ਬਿਨ ਜੀਵਨ ਦਾ
ਕਿਹੜਾ ਸੰਤਾਪ ਹਰੇ ।
ਰੱਬ ਦਾ ਸ੍ਰੂਪ ਹੈ ਰੁੱਖ
ਮਾਤਾ ਦੀ ਗੋਦੀ ਏ
ਖੜ ਕੇ ਇਕ ਟੰਗ 'ਤੇ ਜੋ
ਜੋਗੀ ਜਿਉਂ ਜਾਪ ਕਰੇ ।
ਦੇਂਦਾ Oxygen ਹੈ, ਜੋ ਮੂਲ ਹੈ ਜੀਵਨ ਦਾ,
ਹੜ੍ਹ ਨੂੰ ਨਾ ਆਵਣ ਦੇ ਜਲ ਨੂੰ ਥੰਮ੍ਹ ਲੈਂਦਾ ਏ।
ਰਾਖਾ ਹੈ ਮਾਨਵ ਦਾ ਪੂਰਨ ਸਿੰਘ ਭਗਤ ਜਿਵੇਂ,
ਪਿੰਗਲਵਾੜੇ ਦਾ ਬਾਨੀ ਸਵਰਗੋਂ ਇਉਂ ਕਹਿੰਦਾ ਏ:-
'ਰੁੱਖਾਂ ਨੂੰ ਸਾਂਭ ਲਵੋ,
ਕੁਝ ਨਵੇਂ ਲਗਾਉ ਜੀ ।
ਧਰਤੀ ਦੀ ਰੱਖਿਆ ਦਾ,
ਵੱਡ ਪੁੰਨ ਕਮਾਉ ਜੀ।
ਮਾਨਵ ਦੇ ਜੀਵਨ ਨੂੰ
ਵੰਡੋ ਕੁਝ ਤੰਦਰੁਸਤੀ,
ਮਾਨਵ ਦੀ ਦੁਨੀਆਂ ਨੂੰ
ਖੁਸ਼ਹਾਲ ਬਣਾਉ ਜੀ ।

-o-

# ਮਰਨਾ ਲੋਚਦੈਂ ਬੇ-ਔਲਾਦ ਹੋ ਕੇ

ਪ੍ਰਿੰ: ਕਰਤਾਰ ਸਿੰਘ ਕਾਲੜਾ

ਰੁੱਖਾਂ ਬਿਨਾਂ ਮਨੁੱਖ ਦਾ ਹਾਲ ਕੋਈ ਨਹੀਂ,
ਇਸ ਤੋਂ ਵੱਡੀ ਮਨੁੱਖ ਦੀ ਰਾਸ ਕੋਈ ਨਹੀਂ ।
ਰੁੱਖ ਬਾਪ ਹੈ ਬਾਪ ਬਿਨ ਦੇਹ ਕੋਈ ਨਹੀਂ,
ਰੁੱਖ ਮਾਂ ਹੈ ਮਾਂ ਬਿਨਾਂ ਵਾਸ ਕੋਈ ਨਹੀਂ ।
ਹੱਡ ਕੜਕਣਗੇ ਮੌਤ ਰਹੂ ਮੋਢਿਆਂ 'ਤੇ
ਹੱਡ ਕਰਨਗੇ ਕੀ ਜੇਕਰ ਮਾਸ ਕੋਈ ਨਹੀਂ ।
ਮਰਨਾ ਪਊ ਦਮ ਘੁਟ ਆਕਸੀਜਨ ਬਾਝੋਂ,
ਸ਼ੁੱਧ ਹਵਾ ਬਿਨ ਸ਼ੁੱਧ ਸਵਾਸ ਕੋਈ ਨਹੀਂ ।
ਰੁੱਖ ਵੱਢ ਕੇ ਜੀਵਨ ਬਰਬਾਦ ਕਰਨਾ,
ਕਿਸੇ ਬੰਦੇ ਨੂੰ ਇਹਦਾ ਅਧਿਕਾਰ ਕੋਈ ਨਹੀਂ ।
ਰੁੱਖਾਂ ਬਿਨਾਂ ਤਾਂ ਜੀਵਨ ਦਾ ਸੁਹਜ ਮੁੱਕੇ,
ਬਾਝ ਰੁੱਖਾਂ ਦੇ ਆਉਂਦੀ ਬਹਾਰ ਕੋਈ ਨਹੀਂ ।
ਰੁੱਖ ਪਵਨ ਦੇਂਦੇ ਪਵਨ ਗੁਰੂ ਹੁੰਦੀ,
ਬਾਬਾ ਨਾਨਕ ਇਹ ਬਾਣੀ ਵਿਚ ਕਹਿ ਗਿਆ ਏ ।
ਪਾਣੀ ਪਿਤਾ ਹੈ ਪਿਤਾ ਨੂੰ ਕਰੋ ਦੂਸ਼ਤ,
ਪਿਤਾ ਗੰਦ ਸਮੇਟਦਾ ਢਹਿ ਗਿਆ ਏ ।
ਏਸੇ ਕਾਰਨ ਮਾਂ ਧਰਤੀ ਪਲੀਤ ਹੋ ਗਈ,
ਅਕਲ ਮਾਇਆ ਵਿਚ ਲਾ ਕੇ ਰਹਿ ਗਿਆ ਏ ।
ਮਾਇਆ-ਜਾਲ ਬਖੇੜਾ ਹੈ ਮੂਰਖਾਂ ਦਾ,
ਬੰਦਾ ਨਿੱਜ ਦੇ ਘੇਰੇ ਵਿਚ ਬਹਿ ਗਿਆ ਏ ।
ਕੁਝ ਸੋਚ ਵਿਚਾਰ ਵਿਗਿਆਨ ਦੀ ਗੱਲ,
ਬਿਨਾਂ ਕੁਦਰਤ ਨੂੰ ਸਾਂਭਿਆਂ ਮੌਤ ਵਰਸੇਂ ।
ਪਉਂਚੇ ਨਰਕ ਦੇ ਰਾਹ ਸਭ ਜਾਣ ਬੁਝ ਕੇ,
ਪਿੰਡੇ ਉੱਤੇ ਬਿਮਾਰੀਆਂ ਲੱਖ ਜਰਸੇਂ ।



ਕੁਦਰਤ ਫੁੱਲ ਦੇਂਦੀ ਨਾਲੇ ਫ਼ਲ ਦੇਵੇ,
ਇਕ ਸੋਹਜ ਤੇ ਦੂਸਰਾ ਜ਼ਿੰਦਗੀ ਏ ।
ਰੁੱਖਾਂ ਕਾਰਨ ਦਵਾਈਆਂ ਦਾ ਹੋਏ ਸਿਰਜਣ,
ਜੀਵਨ-ਦਾਨ ਦੇਣਾ ਸੱਚੀ ਬੰਦਗੀ ਏ ।
ਅਕਲ ਵਰਤ ਕੇ ਕੁਦਰਤ ਨੂੰ ਸਾਂਭ ਲਈਏ,
ਸੱਚੇ ਰੱਬ ਦੀ ਮਿਹਰ-ਬਖ਼ਸ਼ਿੰਦਗੀ ਏ ।
ਹੋ ਕੇ ਵਰਤੇਂਗਾ ਜੇ ਤੂੰ ਬੇਅਕਲ ਬੰਦੇ,
ਕਹਿਰ ਕੁਦਰਤ ਦਾ, ਤੇਰੀ ਦਰਿੰਦਗੀ ਏ ।
ਪਿੱਪਲ ਹੋਏ ਜਿੱਥੇ *ਰਕਤ-ਚਾਪ ਮੁੱਕੇ,
ਬੋਹੜ ਹੋਏ ਨਾਮਰਦੀ ਕਾਫ਼ੂਰ ਹੋਵੇ ।
ਨਿੰਮ ਹੋਏ ਤਾਂ ਚਮੜੀ ਦਾ ਰੋਗ ਮੁੱਕੇ,
ਸਾਰੀ ਜ਼ਿੰਦਗੀ ਖ਼ੁਸ਼ੀਆਂ ਭਰਪੂਰ ਹੋਵੇ ।
ਤੇਰੇ ਦੇਸ਼ ਦਾ ਰੁੱਖ ਹੈ ਨਿੰਮ ਐਪਰ,
ਇਹ ਅਮਰੀਕਾ ਹੈ ਪੇਟੈਂਟ ਕਰਾਈ ਫਿਰਦਾ ।
ਜਿੱਥੇ ਹੋਏ ਸਫ਼ੈਦਾ ਕਮਾਲ ਮੰਨੋਂ,
ਸੇਮ ਧਰਤੀ ਤੋਂ ਦੂਰ ਭਜਾਈ ਫਿਰਦਾ ।
ਟਾਹਲੀ-ਕਿੱਕਰ ਦਾ ਬਾਲਾ ਜੇ ਪਿਆ ਹੋਵੇ,
ਅਲਖ ਸਿਉਂਕ ਦੀ ਸਦਾ ਮੁਕਾਈ ਫਿਰਦਾ ।
ਔਲਾ, ਹਰੜ, ਸ਼ਹਿਤੂਤ ਦਾ ਫ਼ਲ ਮਿੱਤਰੋ,
ਗਰਮੀ ਦੇਹ ਦੇ ਵਿਚੋਂ ਉਡਾਈ ਫਿਰਦਾ ।
ਤੈਨੂੰ ਕੌਣ ਸਿਆਣਾ ਫਿਰ ਕਹੂ ਬੰਦੇ,
ਚੁੱਕੀ ਫਿਰੇਂ ਕੁਹਾੜਾ ਜੱਲਾਦ ਹੋ ਕੇ।
ਚੰਗਾ ਭਲਾ ਤੂੰ ਆਲ ਔਲਾਦ ਵਾਲਾ,
ਮਰਨਾ ਲੋਚਦੈਂ ਬੇ-ਔਲਾਦ ਹੋ ਕੇ ।

-o-

*ਰਕਤਚਾਪ -ਖ਼ੂਨ ਦਾ ਦਬਾਓ (Blood Pressure)

# ਸਦਾ ਬਹਾਰੀ ਲੰਗਰ

ਪ੍ਰਿੰ: ਕਰਤਾਰ ਸਿੰਘ ਕਾਲੜਾ

ਸਦਾ ਬਹਾਰੀ ਲੰਗਰ ਲੱਗਿਆ ਰੱਬ ਨੇ ਲੰਗਰ ਲਾਇਆ ।
ਰੁੱਖਾਂ ਦੇ ਜੰਗਲਾਂ ਨੂੰ ਉਸ ਨੇ ਧਰਤੀ ਉੱਤੇ ਸਜਾਇਆ । ਲੰਗਰ ਰੁੱਖਾਂ ਦਾ...
ਰੁੱਖਾਂ ਸੰਗ ਮੇਵੇ ਲਟਕਾਏ ਰੱਜ ਰੱਜ ਜਨਤਾ ਖਾਵੇ ।
ਨਾਲੇ ਛਾਵਾਂ ਮਾਣੇ ਮਾਨਵ, ਨਾਲੇ ਭੁੱਖ ਤ੍ਰਿਪਤਾਵੇ ।
ਖ਼ੁਸ਼ੀਆਂ ਭਰਿਆ ਜੀਵਨ ਭੋਗੇ ਕੁਦਰਤ ਇਹੀ ਸੁਝਾਇਆ। ਲੰਗਰ ਰੁੱਖਾਂ ਦਾ...
ਸਦਾ ਬਹਾਰੀ ਲੰਗਰ ਲਗਿਆ ਰੱਬ ਨੇ ਲੰਗਰ ਲਾਇਆ ।
ਬੰਦਾ ਦੂਜੇ ਦੇ ਘਰ ਤੱਕ ਕੇ ਕਰਦੈ ਸਾੜਾ ਵਾੜਾ ।
ਹੋਣ ਲੜਾਈਆਂ, ਬਲਵੇ ਹੋਵਣ, ਪੈਂਦਾ ਨਿੱਤ ਪੁਆੜਾ ।
ਸਭ ਲਈ ਛਾਂ ਵਰਤਾਈ ਰੁੱਖਾਂ, ਸੁੱਖਾਂ ਦਾ ਸਰਮਾਇਆ । ਲੰਗਰ ਰੁੱਖਾਂ ਦਾ...
ਸਦਾ ਬਹਾਰੀ ਲੰਗਰ ਲਗਿਆ ਰੱਬ ਨੇ ਲੰਗਰ ਲਾਇਆ ।
ਲੱਕੜੀ ਅੱਗ ਬਾਲਣ ਨੂੰ ਮਿਲਦੀ ਨਾਲ ਸੁਗੰਧੀਆਂ ਵੰਡਣ ।
ਦੂਈ-ਦਵੈਤ ਦਾ ਭੇਦ ਮਿਟਾ ਕੇ ਸਭ ਦੇ ਲਈ ਵਰਭੰਡਣ।
ਖਾਓ ਖ਼ਰਚੋ ਰਲ ਮਿਲ ਭਾਈ, ਬਾਬੇ ਨੇ ਫ਼ਰਮਾਇਆ । ਲੰਗਰ ਰੁੱਖਾਂ ਦਾ...
ਸਦਾ ਬਹਾਰੀ ਲੰਗਰ ਲਗਿਆ ਰੱਬ ਨੇ ਲੰਗਰ ਲਾਇਆ ।
ਵੱਢਣ ਨਾਲੋਂ ਚੋਖੇ ਵਾਧੂ ਨਵੇਂ ਲਗਾਉਣੇ ਚਾਹੀਏ ।
ਮਾਨਵਤਾ ਦਾ ਸੁੱਖ ਲੋਚੀਏ ਅਗਲੀ ਨਸਲ ਬਚਾਈਏ ।
ਇਕ ਇਕ ਰੁੱਖ ਤੋਂ ਲੱਖਾਂ ਬੰਦਿਆਂ ਸੌ ਸੌ ਸੁਖ ਹੈ ਪਾਇਆ । ਲੰਗਰ ਰੁੱਖਾਂ ਦਾ...
ਸਦਾ ਬਹਾਰੀ ਲੰਗਰ ਲਗਿਆ ਰੱਬ ਨੇ ਲੰਗਰ ਲਾਇਆ ।
ਜਿੱਥੇ ਰੁੱਖ ਉੱਥੇ ਤੰਦਰੁਸਤੀ ਸੁੱਖਾਂ ਦਾ ਭੰਡਾਰਾ ।
ਸੌ ਰੋਗਾਂ ਦਾ ਦਾਰੂ ਬਣਦੈ ਇਸ ਦਾ ਨਸਲ ਪਸਾਰਾ ।
ਸਾਂਭ ਕੇ ਰੱਖੀਏ ਬੱਚਿਆਂ ਵਾਂਗੂੰ, ਇਹ ਸਾਡਾ ਸਰਮਾਇਆ । ਲੰਗਰ ਰੁੱਖਾਂ ਦਾ...
ਸਦਾ ਬਹਾਰੀ ਲੰਗਰ ਲੱਗਿਆ ਦਾਤੇ ਲੰਗਰ ਲਾਇਆ ।
ਹੋ ਕੇ ਧੰਨਵਾਦੀ ਦਾਤੇ ਦਾ ਚਾਹੀਏ ਸ਼ੁਕਰ ਮਨਾਇਆ । ਲੰਗਰ ਰੁੱਖਾਂ ਦਾ...

-o-



# ਬੂਟੇ ਲਾਈਏ ਬੱਚਿਓ

ਬੂਟੇ ਲਾਈਏ ਬੱਚਿਓ,
ਜ਼ਿੰਦਗੀ ਭਰ ਸਾਥ ਨਿਭਾਉਣਗੇ ।
ਆਉਣ ਵਾਲੀਆਂ ਪੀੜ੍ਹੀਆਂ ਨੂੰ ਵੀ
ਧੁੱਪ ਵਿਚ ਛਾਂ ਵਰਤਾਉਣਗੇ ।
ਰੁੱਖ ਬਣਕੇ ਇਨ੍ਹਾਂ ਫਲ ਨੇ ਦੇਣੇ
ਖਾਣੇ ਖ਼ੂਬ ਨਜ਼ਾਰੇ ਲੈਣੇ
ਤੰਦਰੁਸਤੀ ਦੀ ਦਾਤ ਦੇਣਗੇ
ਏਨੇ ਇਹ ਕੰਮ ਆਉਣਗੇ
ਬੂਟੇ ਲਾਈਏ ਬੱਚਿਓ,
ਜ਼ਿੰਦਗੀ ਭਰ ਸਾਥ ਨਿਭਾਉਣਗੇ ।
ਰੁੱਖਾਂ ਤੋਂ ਵੀ ਜਾਣ ਬਣਾਈਆਂ
ਕਿੰਨਿਆਂ ਰੋਗਾਂ ਦੀਆਂ ਦਵਾਈਆਂ
ਹਾਰੇ ਹਾਰੇ ਚਿਹਰੇ ਕਿੰਨੇ ਮੁੜ ਕੇ
ਫਿਰ ਰੁਸ਼ਨਾਉਣਗੇ
ਬੂਟੇ ਲਾਈਏ ਬੱਚਿਓ,
ਜ਼ਿੰਦਗੀ ਭਰ ਸਾਥ ਨਿਭਾਉਣਗੇ ।
ਸਾਹਾਂ ਤਕ ਨੇ ਰਿਸ਼ਤਾ ਪਾਉਂਦੇ
ਰਿਸ਼ਤਾ ਪਾਉਂਦੇ ਤੋੜ ਨਿਭਾਉਂਦੇ
ਸੁੱਤੇ ਹੋਏ ਭਾਗ ਇਹ ਆਪਣੇ
ਫੜ ਕੇ ਫੇਰ ਜਗਾਉਣਗੇ
ਬੂਟੇ ਲਾਈਏ ਬੱਚਿਓ,
ਜ਼ਿੰਦਗੀ ਭਰ ਸਾਥ ਨਿਭਾਉਣਗੇ ।

ਜਿਨ੍ਹਾਂ ਨੇ ਨਹੀਂ ਰੁੱਖ ਸਤਿਕਾਰੇ
ਫਿਰਦੇ ਜੀਕਣ ਹੜ੍ਹ ਦੇ ਮਾਰੇ
ਜੜ੍ਹਾਂ ਫੈਲਾ ਕੇ ਧਰਤੀ ਦੇ ਵਿਚ
ਖੁਰਨੋਂ ਰੋਜ਼ ਬਚਾਉਣਗੇ
ਬੂਟੇ ਲਾਈਏ ਬੱਚਿਓ,
ਜ਼ਿੰਦਗੀ ਭਰ ਸਾਥ ਨਿਭਾਉਣਗੇ ।

ਤੇਰਾ ਮੇਰਾ ਮਾਣ ਬਣਨਗੇ
ਮੁੱਕ ਕੇ ਘਰ ਦੀ ਸ਼ਾਨ ਬਣਨਗੇ
ਬਣ ਕੇ ਇਹ ਫ਼ਰਨੀਚਰ ਤਖਤੇ
ਘਰ ਨੂੰ ਹੋਰ ਚਮਕਾਉਣਗੇ
ਬੂਟੇ ਲਾਈਏ ਬੱਚਿਓ,
ਜ਼ਿੰਦਗੀ ਭਰ ਸਾਥ ਨਿਭਾਉਣਗੇ ।

ਮੁੱਕਦੀ ਗੱਲ ਇਹ ਪਰਉਪਕਾਰੀ
ਅਸੀਂ ਨਾ ਬਹਿਕੇ ਗੱਲ ਵਿਚਾਰੀ
'ਨੀਲੋਂ' ਵਰਗੇ ਗੀਤ ਬਣਾਕੇ
ਲੋਕਾਂ ਦੇ ਵਿਚ ਗਾਉਣਗੇ
ਬੂਟੇ ਲਾਈਏ ਬੱਚਿਓ,
ਜ਼ਿੰਦਗੀ ਭਰ ਸਾਥ ਨਿਭਾਉਣਗੇ ।

ਕਮਲਜੀਤ ਨੀਲੋਂ



## ਬਜ਼ੁਰਗਾਂ ਦੀ ਅਸੀਸ

ਇਕ ਬਜ਼ੁਰਗ ਸੀ ਤੁਰਿਆ ਜਾਂਦਾ,
ਹੱਥ ਵਿਚ ਸੋਟੀ ਸਰੀਰ ਸੀ ਕੁੱਬਾ।
ਥਕਿਆ ਟੁੱਟਾ ਕਮਜ਼ੋਰ ਸਰੀਰ ਸੀ,
ਕਿਸੇ ਸੋਚ ਵਿਚ ਸੀ ਡੁੱਬਾ।
ਨਾਲ ਮਜ਼ਾਕ ਇਕ ਮੁੰਡੇ ਪੁੱਛਿਆ,
ਬਾਬਾ ਕੀ ਗਵਾਚਾ ਤੇਰਾ ।
ਵੱਲ ਜ਼ਮੀਨ ਦੇ ਨੀਝ ਲਗਾਈ,
ਮੁਰਝਾਇਆ ਹੈ ਚੇਹਰਾ ।
ਅੱਗੋਂ ਬਾਬੇ ਰੁਕ ਕੇ ਆਖਿਆ,
ਸੁਣ ਪੁੱਤਰਾ ਮੇਰੀ ਗੱਲ ।
ਤੇਰੇ ਵਾਂਗ ਸੀ ਸੋਹਣਾ ਸੁਨੱਖਾ,
ਅਜੇ ਕੱਲ੍ਹ ਦੀ ਜਾਪੇ ਗੱਲ ।
ਮੈਂ ਵੀ ਟਪੂੰ ਟਪੂੰ ਸੀ ਕਰਦਾ,
ਖੌਰੂ ਬੜਾ ਸੀ ਪਾਉਂਦਾ ।
ਨਾਲ ਹਾਣੀਆਂ ਖੇਡਾਂ ਖੇਡਦਾ,
ਕਿਸੇ ਦੇ ਹੱਥ ਨਾ ਆਉਂਦਾ ।
ਜੋਬਨ ਗਿਆ ਬੁਢੇਪਾ ਆਇਆ ,
ਕਿਵੇਂ ਕਰਾਂ ਮਨਮਾਨੀ ।
ਵਕਤ ਬੀਤ ਗਿਆ ਵਾਂਙ ਹਨੇਰੀ,
ਮੈਂ ਲੱਭਾਂ ਗਵਾਚੀ ਜਵਾਨੀ ।
ਮੁੰਡਾ ਆਖੇ ਬਾਬਾ ਜੀ ਕੋਈ,
ਕੰਮ ਦੀ ਗੱਲ ਸੁਣਾਉ ।

ਜ਼ਿੰਦਗੀ ਦੇ ਤਜਰਬੇ ਦਾ ਕੋਈ,
ਸਾਨੂੰ ਵੀ ਚਾਨਣ ਪਾਉ ।
ਐ ਪੁੱਤਰਾ ਸੁਣ ਕੰਨ ਲਗਾ ਕੇ,
ਮੈਂ ਸੌ ਦੀ ਇਕ ਸੁਣਾਵਾਂ ।
ਬਜ਼ੁਰਗਾਂ ਦੀ ਜੇ ਸੇਵਾ ਕਰੀਏ,
ਉਨ੍ਹਾਂ ਤੋਂ ਮਿਲਣ ਦੁਵਾਵਾਂ ।
ਜਿਵੇਂ ਕਦੇ ਪਿੰਡਾਂ ਵਿਚ ਹੁੰਦੀਆਂ,
ਬੋਹੜ ਪਿੱਪਲ ਦੀਆਂ ਛਾਵਾਂ ।
ਰੁੱਖ ਨੇ ਅੱਜ ਅਲੋਪ ਹੋ ਗਏ,
ਆਵਣ ਤੱਤੀਆਂ ਹਵਾਵਾਂ ।
ਰੱਬ ਨੂੰ ਕਿਸੇ ਵੇਖਿਆ ਨਹੀਂ,
ਬੰਦਾ ਹੈ ਰੱਬ ਦੀ ਜਾਨ ।
'ਕਲਸੀ' ਸੇਵਾ ਵੱਡਿਆਂ ਦੀ ਔਖੀ,
ਜੇ ਕਰੋ ਮਿਲੂ ਹਰ ਦਾਤ ।

ਮਹਿੰਗਾ ਸਿੰਘ ਕਲਸੀ
94172-17387



# ਵਾਤਾਵਰਨ ਲਈ ਦੁਹਾਈ

ਵਾਤਾਵਰਨ ਨੂੰ ਸਾਫ਼ ਨੇ ਰੱਖਦੇ, ਸਾਡੇ ਹਰੇ ਪਿਆਰੇ ਰੁੱਖ ।
ਹਰਿਆਲੀ ਹੈ ਮਨ ਨੂੰ ਭਾਉਂਦੀ, ਨਾਲ ਖੁਸ਼ੀ ਦੇ ਖਿੜੇ ਮਨੁੱਖ ।
ਸਾਇੰਸ ਦੀਆਂ ਨਵੀਆਂ ਕਾਢਾਂ ਨੇ, ਭਾਵੇਂ ਹੈ ਸੁਖੀ ਬਣਾਇਆ ।
ਇਸ ਦੇ ਅੰਦਰ ਝਾਤੀ ਮਾਰੋ, ਪ੍ਰਦੂਸ਼ਤ ਵਾਤਾਵਰਨ ਕਰਾਇਆ ।
ਬਨਸਪਤੀ ਜ਼ਹਿਰੀਲੀ ਹੋਈ, ਦਾਣੇ, ਦੁੱਧ ਜ਼ਹਿਰੀ ਹੋਇਆ ।
ਸਾਫ਼ ਚੀਜ਼ ਕੋਈ ਲੱਭਦੀ ਨਹੀਂ, ਜਿਊਣਾ ਔਖਾ ਹੋਇਆ ।
ਟੀਕੇ ਲਾ ਕੇ ਸਬਜ਼ੀਆਂ ਤਾਈਂ, ਬੰਦਾ ਪੈਸਾ ਕਮਾਵੇ ।
ਟੀਕੇ ਲਾ ਕੇ ਦੁੱਧ ਹੈ ਚੋਂਦਾ, ਜੋ ਜ਼ਹਿਰੀਲਾ ਬਣ ਜਾਵੇ ।
ਬਿਜਲੀ ਦੀਆਂ ਤਰੰਗਾਂ ਕਾਰਨ, ਚਿੜੀਆਂ ਤੇ ਜੀਵ ਮਰ ਗਏ ।
ਮਿੱਤਰ ਪੰਛੀ ਨਜ਼ਰ ਨਾ ਆਵਣ, ਜੋ ਮਨੁੱਖ ਦੀ ਸਹਾਇਤਾ ਕਰਦੇ ।
ਕਾਰਖ਼ਾਨਿਆਂ ਦਾ ਗੰਦਾ ਪਾਣੀ, ਨਦੀਆਂ ਨਾਲਿਆਂ ਵਿਚ ਸਮਾਵੇ ।
ਉਹੋ ਪ੍ਰਦੂਸਤ ਪਾਣੀ ਸਾਡਾ, ਜੀਵਨ ਨਰਕ ਬਣਾਵੇ ।
ਵੱਧ ਤੋਂ ਵੱਧ ਰੁੱਖ ਲਗਾ ਕੇ, ਕਰੀਏ ਇਨ੍ਹਾਂ ਦੀ ਸੰਭਾਲ ।
ਵਾਤਾਵਰਨ ਸਾਫ਼ ਬਣਾਈਏ, ਹੋ ਜਾਵਾਂਗੇ ਖ਼ੁਸ਼ਹਾਲ ।
ਦਵਾਈਆਂ ਦੀ ਵਰਤੋਂ ਘੱਟ ਕਰੀਏ, ਸਬਜ਼ੀ ਟੀਕੇ ਰਹਿਤ ਉਗਾਈਏ ।
ਕਿਸੇ ਦੀ ਜ਼ਿੰਦਗੀ ਨਾਲ ਖੇਡਣ ਤੋਂ, ਥੋੜ੍ਹਾ ਬਹੁਤ ਸ਼ਰਮਾਈਏ ।
'ਕਲਸੀ' ਰੁੱਖ ਲੱਕੜੀ ਨੇ ਦਿੰਦੇ, ਨਾਲੇ ਦੇਣ ਹਰਿਆਲੀ ।
ਆਉ ਰਲ ਕੇ ਹੰਭਲਾ ਮਾਰੀਏ, ਤਾਂ ਹੀ ਆਊ ਖ਼ੁਸ਼ਹਾਲੀ ।

ਮਹਿੰਗਾ ਸਿੰਘ ਕਲਸੀ
94172-17387

# ਪ੍ਰਦੂਸ਼ਣ

ਖ਼ੁਦਗਰਜ਼ ਇਨਸਾਨ ਹੈ ਹੋਇਆ, ਪਹਾੜਾਂ ਨੂੰ ਢਾਈ ਜਾਵੇ।
ਪ੍ਰਦੂਸ਼ਣ ਬੜਾ ਵਧ ਜਾਏਗਾ, ਗਲ ਫਾਹੀ ਪਾਈ ਜਾਵੇ।
ਡੂੰਘੀ ਸੋਚ ਵਿਚਾਰ ਕੇ ਸੀ, ਰੱਬ ਨੇ ਪਹਾੜ ਬਣਾਏ।
ਸਾਡੀਆਂ ਲੋੜਾਂ ਖ਼ਾਤਰ ਉਸ ਨੇ, ਪੇੜ ਪੌਦੇ ਸੀ ਲਗਾਏ।
ਬੇਸਮਝ ਮਨੁੱਖ ਬੜਾ ਹੈ, ਇਹ ਹੋਂਦ ਮਿਟਾਈ ਜਾਵੇ।
ਪ੍ਰਦੂਸ਼ਣ ਬੜਾ....................
ਸਾਰੇ ਜੰਗਲ ਵੱਢੀ ਜਾਂਦਾ, ਵੱਡੇ ਮਕਾਨ ਬਣਾਈ ਜਾਂਦਾ।
ਜੀਵ ਦੇ ਰੈਣ ਬਸੇਰੇ ਤਾਈਂ, ਆਪ ਮਿਟਾਈ ਜਾਂਦਾ।
ਫ਼ਸਲੀ ਕੀੜੇ ਮਾਰਨ ਵਾਸਤੇ, ਉੱਥੇ ਜ਼ਹਿਰ ਮਿਲਾਈ ਜਾਵੇ।
ਪ੍ਰਦੂਸ਼ਣ ਬੜਾ......................
ਪੈਟਰੋਲ ਤੇ ਡੀਜ਼ਲ ਨਾਲ, ਸਾਰੇ ਵਾਹਨ ਪਿਆ ਚਲਾਉਂਦਾ।
ਸਾਹ ਸਭ ਦਾ ਘੁੱਟਣ ਲੱਗਾ ਹੈ, ਧੂੰਆਂ ਸਾਹ ਵਿਚ ਜਾਂਦਾ।
ਕਈ ਬਿਮਾਰੀਆਂ ਲੱਗ ਗਈਆਂ, ਆਪਣਾ ਖ਼ਰਚ ਵਧਾਈ ਜਾਵੇ।
ਪ੍ਰਦੂਸ਼ਣ ਬੜਾ.......................
ਕਈ ਪੰਛੀ ਮਰ ਮੁੱਕ ਗਏ, ਵਾਤਾਵਰਨ ਸਾਫ਼ ਜੋ ਰੱਖਣ।
ਏਨਾ ਜ਼ਹਿਰ ਵਧ ਗਿਆ ਹੈ, ਪੁੱਟਿਆ ਮਨੁੱਖਤਾ ਦਾ ਜੱਖਣ।
ਨਵੀਆਂ ਬਿਮਾਰੀਆਂ ਆ ਗਈਆਂ ਤੰਦਰੁਸਤੀ ਗਵਾਈ ਜਾਵੇ।
ਪ੍ਰਦੂਸ਼ਣ ਬੜਾ.................
'ਕਲਸੀ' ਅਜੇ ਵੀ ਸਮਝ ਜਾਉ, ਵਕਤ ਹੱਥ ਨਹੀਂ ਆਉਣਾ।
ਇਸ ਵਿਗੜੇ ਪ੍ਰਦੂਸ਼ਣ ਕੋਲੋਂ, ਕਿਸੇ ਨਹੀਂ ਆ ਬਚਾਉਣਾ।
ਚੱਕ ਲਵੋ ਚੱਕ ਲਵੋ ਹੋ ਜਾਊਗੀ, ਪਿਆ ਟੱਬਰ ਦੁਹਾਈ ਪਾਵੇ।
ਪ੍ਰਦੂਸ਼ਣ ਬੜਾ ਵਧ ਜਾਏਗਾ, ਗਲ ਫਾਹੀ ਪਾਈ ਜਾਵੇ।

ਮਹਿੰਗਾ ਸਿੰਘ ਕਲਸੀ
94172-17387



# ਪ੍ਰਦੂਸ਼ਣ

ਬੱਚ ਬੁਰੀਆਂ ਖ਼ੁਰਾਕਾਂ ਤੋਂ ਪੱਤਾ ਪੱਤਾ ਹੋ ਗਿਆ ਜ਼ਹਿਰੀ।
ਅੱਜ ਸੁਖੀਆ ਕੋਈ ਨਹੀਂ ਚਾਹੇ ਪੇਂਡੂ ਹੈ ਜਾਂ ਸ਼ਹਿਰੀ।
ਪੀਣਾ ਪਊ ਪ੍ਰਦੂਸ਼ਤ ਪਾਣੀ
ਸਬਜ਼ੀ ਵੀ ਪ੍ਰਦੂਸ਼ਤ ਖਾਣੀ
ਜਿੰਨਾ ਚਿਰ ਇਹ ਜ਼ਿੰਦ ਨਿਮਾਣੀ
ਹੈ ਵਿੱਚ ਹੱਡਾਂ ਦੇ ਠਹਿਰੀ
ਬੱਚ ਬੁਰੀਆਂ ਖ਼ੁਰਾਕਾਂ ਤੋਂ, ਪੱਤਾ ਪੱਤਾ ਹੋ ਗਿਆ ਜ਼ਹਿਰੀ।
ਮੱਝਾਂ ਗਾਵਾਂ ਨੂੰ ਟੀਕੇ ਲੱਗਦੇ
ਤਾਹੀਉਂ ਦੁੱਧ ਭੰਡਾਰੇ ਵਧਦੇ
ਫਲ ਵੀ ਨਾਲ ਦਵਾਈਆਂ ਪੱਕਦੇ
ਹੋਈ ਹਕੂਮਤ ਬਹਿਰੀ
ਬੱਚ ਬੁਰੀਆਂ ਖ਼ੁਰਾਕਾਂ ਤੋਂ ਪੱਤਾ ਪੱਤਾ ਹੋ ਗਿਆ ਜ਼ਹਿਰੀ।
ਖਾਦ ਰਸਾਇਣਕ ਖੇਤੀਂ ਪਾਵਣ
ਕੀਟ ਨਾਸ਼ਕਾਂ ਫਿਰ ਛਿੜਕਾਵਣ
ਮੁੰਡੇ ਆਪ ਨੂੰ ਟੀਕੇ ਲਾਵਣ
ਡੁੱਬੀ ਜਵਾਨੀ ਗਹਿਰੀ
ਬੱਚ ਬੁਰੀਆਂ ਖ਼ੁਰਾਕਾਂ ਤੋਂ ਪੱਤਾ ਪੱਤਾ ਹੋ ਗਿਆ ਜ਼ਹਿਰੀ।
ਕਣਕਾਂ ਵੱਢ ਕੇ ਨਾੜ ਜਲਾਉਂਦੇ
ਮਿੱਟੀ ਨੂੰ ਕਮਜ਼ੋਰ ਬਣਾਉਂਦੇ
ਵਿੱਚ ਅਖ਼ਬਾਰਾਂ ਸ਼ੋਰ ਮਚਾਉਂਦੇ
ਖੜ੍ਹੇ ਮੂਕ ਵੇਖਦੇ ਪਹਿਰੀ
ਬੱਚ ਬੁਰੀਆਂ ਖ਼ੁਰਾਕਾਂ ਤੋਂ ਪੱਤਾ ਪੱਤਾ ਹੋ ਗਿਆ ਜ਼ਹਿਰੀ।

ਜੈ ਸਿੰਘ 'ਜੱਸਾ'
ਪ੍ਰਸ਼ਾਸ਼ਕ ਪਿੰਗਲਵਾੜਾ
(ਮਾਨਾਂਵਾਲਾ ਕੰਪਲੈਕਸ) ਅੰਮ੍ਰਿਤਸਰ

# ਪਾਣੀ ਦਾ ਸਤਿਕਾਰ

ਅੰਨ ਬਿਨਾਂ ਸਰ ਸਕਦਾ ਹੈ, ਪਾਣੀ ਹੈ ਸਾਡੀ ਜਾਨ ।
ਪਾਣੀ ਪਿਤਾ ਹੈ ਜਗਤ ਦਾ, ਕਹਿੰਦੀ ਗੁਰਬਾਣੀ ਮਹਾਨ ।
ਰੱਬ ਦੀ ਇਹ ਨਿਆਮਤ ਹੈ, ਕਰੀਏ ਇਸ ਦੀ ਸੰਭਾਲ ।
ਸਮਝ ਸੋਚ ਕੇ ਵਰਤੋ ਇਸਨੂੰ, ਜ਼ਿੰਦਗੀ ਹੋਊ ਮੁਹਾਲ ।
ਪਾਣੀ ਬਾਝੋਂ ਜੀਵਨ ਸੁੱਕਦਾ ਛਾ ਜਾਵੇਗੀ ਵੀਰਾਨੀ ।
ਪਸ਼ੂ ਪੰਛੀ ਖ਼ਤਮ ਹੋਣਗੇ, ਪੇੜ ਪੌਦਿਆਂ ਦੀ ਖ਼ਤਮ ਜਵਾਨੀ ।
ਹਰ ਬੂੰਦ ਅਮੁੱਲ ਹੈ ਇਸ ਦੀ, ਪੁੱਛੋ ਜੋ ਪਿਆਸਾ ਮਰਦਾ ।
ਧਨ ਬਿਨਾਂ ਸਰ ਸਕਦਾ ਹੈ, ਪਰ ਪਾਣੀ ਬਿਨਾਂ ਨਹੀਂ ਸਰਦਾ ।
ਰੱਬ ਜਦੋਂ ਪ੍ਰਸੰਨ ਹੈ ਹੁੰਦਾ, ਮਿਹਰਾਂ ਦਾ ਮੀਂਹ ਵਰਸੇ ।
ਹਰ ਜੀਵ ’ਤੇ ਖੇੜਾ ਆਵੇ, ਖ਼ੁਸ਼ੀਆਂ ਮਨ ਵਿਚ ਨੱਚੇ ।
ਧਰਤੀ ਹੇਠਾਂ ਪਾਣੀ ਵੱਸੇ, ਜੋ ਬਨਸਪਤੀ ਦੀ ਜਾਨ ।
ਸਮੁੰਦਰ ਵਿਚੋਂ ਬੱਦਲ ਉੱਡਣ, ਵਿਚ ਪਹਾੜੀਂ ਮੀਂਹ ਵਰਾਨ ।
ਚਸ਼ਮੇ ਨਦੀਆਂ ਨਾਲੇ ਬਣਦੇ, ਪਾਣੀ ਮਿਲੇ ਮੁੱਲ ਦੇ ਜਾਣ ।
ਇਉਂ ਜੀਵਨ ਦਾ ਚੱਕਰ ਚਲੇ, ਕੁਦਰਤ ਦਾ ਹੈ ਕਮਾਣ ।
ਜੇ ਇਸ ਦੀ ਬਰਬਾਦੀ ਕੀਤੀ, ਫਿਰ ਬੜਾ ਪਛਤਾਵਾਂਗੇ ।
ਨਦੀਆਂ ਨਾਲੇ ਗੰਦੇ ਕਰਕੇ, ਸ਼ੁੱਧ ਪਾਣੀ ਕਿੱਥੋਂ ਲਿਆਵਾਂਗੇ ।
'ਕਲਸੀ' ਆਉ ਕਸਮਾਂ ਖਾਈਏ, ਪਾਣੀ ਦਾ ਸਤਿਕਾਰ ਕਰੋ ।
ਇਸ ਦੇ ਵਿਚ ਹੈ ਜ਼ਿੰਦਗੀ ਸਭ ਦੀ, ਇਸ ਦੇ ਨਾਲ ਪਿਆਰ ਕਰੋ ।

ਮਹਿੰਗਾ ਸਿੰਘ ਕਲਸੀ
94172-17387



# ਗੀਤ

ਆਓ ਸਤਿਕਾਰੀਏ ਆਪਾਂ
ਕੁੱਖਾਂ ਤੇ ਰੁੱਖਾਂ ਨੂੰ
ਕੁੱਖ ਤੇ ਰੁੱਖ ਜ਼ਿੰਦਗੀ ਦਿੰਦੇ
ਸਾਰੇ ਮਨੁੱਖਾਂ ਨੂੰ
ਕਾਦਰ ਨੇ ਕੁਦਰਤ ਸਾਜ਼ੀ
ਰੁੱਖਾਂ ਦੇ ਨਾਲ ਨਿਵਾਜੀ
ਕੁੱਖਾਂ ਨਾਲ ਦੁਨੀਆਂ ਚੱਲਦੀ
ਐਵੇਂ ਨਾ ਕਰੋ ਤਬਾਹ ਜੀ
ਰਾਜੇ, ਪੈਗ਼ੰਬਰ ਜਣਦੀ
ਪੂਜੀਏ ਕੁੱਖਾਂ ਨੂੰ
ਆਓ ਸਤਿਕਾਰੀਏ ਆਪਾਂ........

ਗੰਧਲੇ ਕਿਉਂ ਕਰਤੇ ਦਰਿਆ
ਸੁੱਟ ਕੇ ਜ਼ਹਿਰੀਲਾ ਪਾਣੀ,
ਧਰਤੀ ਨੂੰ ਬਾਂਝ ਬਣਾਤਾ
ਕਰਤੀ ਇਹ ਜ਼ਹਿਰਾਂ ਖਾਣੀ,
ਧਰਤੀ ਤਾਂ ਮਾਂ ਹੁੰਦੀ ਏ
ਮਾਰੋ ਨਾ ਕੁੱਖਾਂ ਨੂੰ,
ਆਓ ਸਤਿਕਾਰੀਏ ਆਪਾਂ..........

ਰੁੱਖ ਤੇ ਦਰਵੇਸ਼ਾਂ ਤਾਈਂ
ਘਰ 'ਚੋਂ ਕਦੇ ਕੱਢੀਏ ਨਾ
ਲਾਲਚ ਦੀ ਫੜ ਕੇ ਆਰੀ
ਰੁੱਖਾਂ ਨੂੰ ਵੱਢੀਏ ਨਾ
ਖੇਤਾਂ ਨੂੰ ਅੱਗਾਂ ਲਾ ਕੇ
ਸਾੜੋ ਨਾ ਰੁੱਖਾਂ ਨੂੰ
ਆਓ ਸਤਿਕਾਰੀਏ ਆਪਾਂ..........

ਜ਼ਹਿਰਾਂ ਖਾ ਜ਼ਹਿਰਾਂ ਪੀ ਕੇ
ਬੰਦਾ ਵੀ ਜ਼ਹਿਰੀ ਹੋਇਆ
ਛਿੱਕੇ ਟੰਗ ਰਿਸ਼ਤੇ-ਨਾਤੇ
ਇੰਨਾ ਕਿਉਂ ਕਹਿਰੀ ਹੋਇਆ
ਇਹੋ 'ਜਸਵਿੰਦਰ' ਕਹਿਣਾ
ਸਾਰੇ ਮਨੁੱਖਾਂ ਨੂੰ
ਆਓ ਸਤਿਕਾਰੀਏ ਆਪਾਂ
ਕੁੱਖਾਂ ਤੇ ਰੁੱਖਾਂ ਨੂੰ
ਕੁੱਖ ਤੇ ਰੁੱਖ ਜੀਵਨ ਦਿੰਦੇ
ਸਾਰੇ ਮਨੁੱਖਾਂ ਨੂੰ
ਆਓ ਸਤਿਕਾਰੀਏ ਆਪਾਂ
ਕੁੱਖਾਂ ਤੇ ਰੁੱਖਾਂ ਨੂੰ ।

ਜਸਵਿੰਦਰ ਸਿੰਘ ਧਨਾਨਸੂ
ਅਸਿਸਟੈਂਟ ਪ੍ਰੋਫ਼ੈਸਰ
ਪੰਜਾਬ ਯੂਨੀਵਰਸਿਟੀ
ਕਾਲਜ ਨਿਹਾਲ ਸਿੰਘ ਵਾਲਾ
98781-31839



ਇਕ ਸੂਰਜ ਬਹੁਤ ਹੈ ਹਨੇਰੇ ਲਈ
ਤੇਰਾ ਪਿਆਰ ਬਹੁਤ ਹੈ ਮੇਰੇ ਲਈ
ਸਾਗਰਾਂ ਦਾ ਜੋਸ਼ ਮੈਨੂੰ ਖਿੱਚਦਾ
ਇਕ ਚੱਪੂ ਬਹੁਤ ਹੈ ਮੇਰੇ ਲਈ
ਧਰਤ ਮੈਨੂੰ ਭੀੜੀ ਭੀੜੀ ਜਾਪਦੀ
ਬ੍ਰਹਿਮੰਡ ਵੀ ਥੋੜ੍ਹਾ ਹੈ ਮੇਰੇ ਲਈ ।

o

ਸੂਰਜ ਦੇ ਸੰਗ ਪਿਆਰ ਨਿਭਾਉਣਾ ਚਾਹੁੰਦੇ ਹਾਂ
ਰੋਸ਼ਨੀਆਂ ਦੇ ਘਰ ਬਣਾਉਣਾ ਚਾਹੁੰਦੇ ਹਾਂ
ਦੁਨੀਆਂ ਦਾ ਸਭ ਕੂੜਾ ਸੌਦਾ ਜਲ ਜਾਂਦੈ
ਏਨੀ ਆਪਣੀ ਅੱਗ ਮਘਾਉਣੀ ਚਾਹੰਦੇ ਹਾਂ !

## ਧੀਆਂ

ਧੀਆਂ, ਧਰਤੀ, ਚੰਨ ਸਿਤਾਰੇ
ਇਹ ਜ਼ਿੰਦਗੀ ਦੇ ਅਣਮੁੱਲੇ ਨਜ਼ਾਰੇ !
ਮੋਹ, ਮੁਹੱਬਤ, ਸੁੱਖ ਸਨੇਹੇ
ਧੀਆਂ ਦੇ ਅਹਿਸਾਸ ਨੇ ਸਾਰੇ ।
ਸੁਪਨੇ ਧੀਆਂ ਦੇ ਕੋਮਲ ਕੋਮਲ
ਰੱਬ ਨੂੰ ਵੀ ਲੱਗਦੇ ਨੇ ਪਿਆਰੇ !
ਧੀਆਂ ਅਤੇ ਤੀਆਂ ਬਿਨਾਂ
ਜ਼ਿੰਦਗੀ ਜਿੱਦਾਂ ਰੰਗ ਉਧਾਰੇ ।
ਧੀਆਂ ਕੁੱਖ ਵਿਚ ਮਾਰਨ ਵਾਲਿਓ !
ਜ਼ਿੰਦਗੀ ਨਾ ਚਲਦੀ ਪਾਪ ਸਹਾਰੇ !

ਡਾ. ਸੁਦਰਸ਼ਨ ਗਾਸੋ
114- ਵਿਦਿਆ ਨਗਰ.
ਕੁਲਦੀਪ ਨਗਰ,
ਅੰਬਾਲਾ ਕੈਂਟ
ਮੋ : 09896201036

## ਕਾਫ਼ਲਾ

ਆਓ ਬਣਾਈਏ ਕਾਫ਼ਲਾ, ਤੇ ਬਦਲੀਏ ਸੰਸਾਰ ਨੂੰ ।
ਆਓ ਘੜੀਏ ਕਲਮ ਨੂੰ, ਕਰੀਏ ਤਿੱਖੀ ਇਹਦੀ ਧਾਰ ਨੂੰ ।

ਆਓ ਲਗਾਈਏ ਉਂਗਲੀ, ਸੜਕਾਂ 'ਤੇ ਮੰਗਦੇ ਬਾਲ ਨੂੰ ।
ਭੁੱਖਾਂ ਵਿਚ ਜੋ ਜਕੜਿਐ, ਕੱਟੀਏ ਉਹਦੇ ਜੰਜਾਲ ਨੂੰ ।

ਬੱਚਿਆਂ ਦੇ ਵਿਚ ਬੈਠ ਕੇ, ਵਿਦਿਆ ਦੇ ਪਾਏ ਦਾਨ ਨੂੰ ।
ਕੱਟਕੇ ਗ਼ਰੀਬੀ ਬਾਪ ਦੀ, ਰੋਸ਼ਨ ਕਰੇ ਖ਼ਾਨਦਾਨ ਨੂੰ ।

ਆਓ ਧੀਆਂ ਬਚਾ ਲਈਏ, ਸਾਇੰਸ ਦੇ ਵਰਦਾਨ ਤੋਂ ।
ਮਾਪਿਆਂ ਨੂੰ ਨਾ ਰੱਖੀਏ, ਵਾਂਝੇ ਧੀਆਂ ਦੇ ਦਾਨ ਤੋਂ ।

ਆਓ ਮੱਥੇ ਤੋਂ ਪੂੰਝੀਏ, ਦਾਜ ਦੇ ਭੈੜੇ ਨਿਸ਼ਾਨ ਨੂੰ ।
ਧੀਆਂ ਦੀ ਡੋਲੀ ਤੋਰ ਕੇ, ਕਰੀਏ ਵੱਡੇ ਅਹਿਸਾਨ ਨੂੰ ।

ਲਾਹ ਕੇ ਨਕਾਬ ਝੂਠ ਦੀ, ਨਫ਼ਰਤ ਦੀ ਕੰਧ ਨੂੰ ਢਾਹ ਦੇਈਏ ।
ਮਿਟਾ ਕੇ ਮਨਾਂ 'ਚੋਂ ਖੁਦੀ ਨੂੰ, ਗ਼ੈਰਾਂ ਨੂੰ ਆਪਣਾ ਬਣਾ ਲਈਏ ।

ਇਹ ਬੰਬਾਂ ਨਾਲ ਨਹੀਂ ਨਿਪਟਣਾ, ਜੇ ਦਿਲਾਂ 'ਚੋਂ ਕੱਢਣਾ ਫ਼ਾਸਲਾ ।
ਹੈ ਨਵਾਂ ਸੰਸਾਰ ਇਹ ਸਿਰਜਣਾ, ਆਓ ਬਣਾਈਏ ਕਾਫ਼ਲਾ ।

**(ਭੁਵਿੰਦਰ ਕੌਰ ਗਿੱਲ, ਐਡਮੰਟਨ, ਅਲਬਰਟਾ - ਕੈਨੇਡਾ)**



## ਧੀਆਂ ਦਾ ਗੀਤ

ਧੀਆਂ ਘਰਾਂ ਤੋਂ ਤੋਰਨ ਵਾਲੀ, ਜੱਗ 'ਤੇ ਰੀਤ ਨਿਰਾਲੀ ਏ ।
ਰਾਜਿਆਂ ਦੇ ਨਾ ਘਰੀਂ ਸਮਾਵਣ, ਗੱਲ ਹੈਰਾਨੀ ਵਾਲੀ ਏ ।
ਧੀ ਤੋਰ ਕੇ ਰਿਸ਼ਤਾ ਬਣਦਾ, ਕਹਿੰਦੇ ਜਿਸ ਨੂੰ ਜਵਾਈ ਹੈ ।
ਪੁੱਤਰਾਂ ਤੋਂ ਵੀ ਲੱਗੇ ਪਿਆਰਾ, ਜਿਵੇਂ ਵਿਚ ਖੁਦਾਈ ਹੈ ।
ਕੋਠੇ ਚੜ੍ਹ ਉਡੀਕਾਂ ਕਰਦੀ, ਕੰਤ ਨੂੰ ਚੂੜੇ ਵਾਲੀ ਏ ।
ਧੀਆਂ.............
ਵਿਹੜਾ ਬਾਬਲ ਦਾ ਛਡਕੇ, ਸਹੁਰੀਂ ਪਿਆਰ ਹੈ ਪਾ ਲੈਂਦੀ ।
ਲਾਡ ਲਡਾਇਆ ਮਾਪਿਆਂ ਵੱਲੋਂ, ਹੌਲੀ ਹੌਲੀ ਭੁਲਾ ਲੈਂਦੀ ।
ਤੀਆਂ ਵੇਲੇ ਪੇਕੇ ਆਉਂਦੀ ਭੈਣ ਵੀਰ ਦੀ ਕਰਮਾਂ ਵਾਲੀ ਏ ।
ਧੀਆਂ.............
ਮਾਪਿਆਂ ਦੀ ਵੀ ਸੁਖ ਹੈ ਮੰਗੇ, ਘਰ ਸਹੁਰਿਆਂ ਵਸਦੀ ਏ ।
ਮਾਪੇ ਭਾਵੇਂ ਗ਼ਰੀਬ ਵੀ ਹੋਵਣ, ਸਹਿਨਸ਼ਾਹ ਉਹ ਦੱਸਦੀ ਏ ।
ਨਾਲ ਵੀਰ ਦੇ ਪਿਆਰ ਹੈ ਡਾਢਾ, ਭਾਬੀ ਚੰਬੇ ਦੀ ਡਾਲੀ ਏ ।
ਧੀਆਂ............
ਪੁੱਤਰਾਂ ਦਾ ਪਿਆਰ ਹੈ ਫੋਕਾ, ਵੰਡਣ ਕੋਠੀਆਂ ਤੇ ਜ਼ਮੀਨਾਂ ਨੂੰ ।
ਮਾਂ ਪਿਉ ਦੀ ਸੇਵਾ ਨਾ ਕਰਦੇ, ਕੌਣ ਪੁੱਛੇ ਇਨ੍ਹਾਂ ਕਮੀਨਾਂ ਨੂੰ ।
ਧੀਆਂ ਮਾਪਿਆਂ ਦੀ ਰੱਖਣ, ਜੋ ਚਿਰ ਤੋਂ ਪਈ ਸੰਭਾਲੀ ਏ ।
ਧੀਆਂ...............
ਧੀ ਪੁੱਤਰ ਵਿਚ ਫ਼ਰਕ ਨਾ ਕੋਈ, ਦੁੱਖ ਇਕੋ ਜਿਹਾ ਹੁੰਦਾ ਹੈ ।
ਰੱਬ ਦੀ ਹੈ ਦਾਤ ਪਿਆਰੀ ਦਾਤਾਂ ਵਿਚ ਸੁਖ ਹੁੰਦਾ ਹੈ ।
'ਕਲਸੀ' ਧੀ ਨੂੰ ਪਿਆਰ ਕਰੋ, ਇਸੇ ਵਿਚ ਖ਼ੁਸ਼ਹਾਲੀ ਏ ।
ਧੀਆਂ ਘਰਾਂ ਤੋਂ ਤੋਰਨ ਵਾਲੀ, ਜੱਗ 'ਤੇ ਰੀਤ ਨਿਰਾਲੀ ਏ ।

ਮਹਿੰਗਾ ਸਿੰਘ ਕਲਸੀ
94172-17387

# ਕੰਜਕਾਂ ਕਿੱਥੋਂ ਲਿਆਵਾਂਗੇ

ਭਰੂਣ ਹੱਤਿਆ ਬੰਦ ਨਾ ਹੋਈ, ਬੜਾ ਹੀ ਦੁਖ ਪਾਵਾਂਗੇ।
ਵਿਚ ਨਰਾਤਿਆਂ ਪੂਜਣ ਦੇ ਲਈ, ਕੰਜਕਾਂ ਕਿੱਥੋਂ ਲਿਆਵਾਂਗੇ।
ਨਵੇਂ ਦੌਰ ਦੀ ਹਵਾ ਹੈ ਚੱਲੀ, ਪੁੱਤਰਾਂ ਨੂੰ ਚਾਹਵਣ ਸਾਰੇ।
ਵੇਖੋ ਮਾਂ ਮਜਬੂਰ ਬੜੀ ਹੈ ਧੀ ਨੂੰ ਕੁੱਖ ਵਿਚ ਮਾਰੇ।
ਜੇ ਧੀਆਂ ਦੀ ਥੋੜ੍ਹ ਹੋ ਗਈ, ਪੁੱਤਰ ਕਿੱਥੇ ਵਿਆਹਵਾਂਗੇ।
ਵਿਚ ਨਰਾਤਿਆਂ...........

ਨਰ ਤੇ ਮਾਦਾ ਰੱਬ ਬਣਾਏ, ਇਸ ਵਿਚ ਝੂਠ ਨਾ ਕੋਈ।
ਰੱਬ ਨਾਲੋਂ ਅਸੀਂ ਹੋਏ ਸਿਆਣੇ, ਪੁੱਤਰਾਂ ਨੂੰ ਜਾਈਏ ਰੋਈ।
ਪੁੱਤਰ ਜੇਕਰ ਕਰੇ ਬਦਨਾਮੀ, ਫਿਰ ਅਸੀਂ ਪਛਤਾਵਾਂਗੇ।
ਵਿਚ ਨਰਾਤਿਆਂ........

ਮਾਂ ਅੱਜ ਧੀ ਦੀ ਬਣੀ ਹੈ ਦੁਸ਼ਮਣ, ਕਲਿਜੁਗ ਆਇਆ ਭਾਰੀ।
ਧੀ ਜੰਮਣ 'ਤੇ ਦੁਖੀ ਹੈ ਹੁੰਦੀ, ਬਿਪਤਾ ਪੈਂਦੀ ਭਾਰੀ।
ਰਿਸ਼ਤੇ ਖ਼ਤਮ ਹੋ ਰਹੇ ਨੇ, ਮਾਸੀ ਭੂਆ ਕਿਨੂੰ ਬੁਲਾਵਾਂਗੇ।
ਵਿਚ ਨਰਾਤਿਆਂ............

ਸੁਣ ਲਵੋ ਵੀਰਨੋ ਕੰਨ ਖੋਲ੍ਹ ਕੇ, 'ਕਲਸੀ' ਦੀ ਅਰਜੋਈ।
ਧੀ ਭੈਣ ਦਾ ਰਿਸ਼ਤਾ ਪਿਆਰਾ, ਜੱਗ 'ਤੇ ਹੋਰ ਨਾ ਕੋਈ।
ਜੱਗ ਜਨਨੀ ਦਾ ਸਤਿਕਾਰ ਨਾ ਕੀਤਾ, ਬੜਾ ਹੀ ਧੋਖਾ ਖਾਵਾਂਗੇ।
ਵਿਚ ਨਰਾਤਿਆਂ ਪੂਜਣ ਦੇ ਲਈ ਕੰਜਕਾਂ ਕਿੱਥੋਂ ਲਿਆਵਾਂਗੇ।

ਮਹਿੰਗਾ ਸਿੰਘ ਕਲਸੀ
94172-17387



# ਜਨਨੀ ਦਾ ਸਤਿਕਾਰ ਕਰੋ

ਜੱਗ ਜਨਨੀ ਹੈ ਔਰਤ ਲੋਕੋ, ਇਸ ਦਾ ਸਭ ਸਤਿਕਾਰ ਕਰੋ।
ਇਸ ਦੇ ਵਿਚ ਅਥਾਹ ਹੈ ਸ਼ਕਤੀ ਇਸ ਦੇ ਨਾਲ ਪਿਆਰ ਕਰੋ।
ਮਾਵਾਂ ਧੀਆਂ ਵਾਂਗੂੰ ਵੇਖੋ, ਅੱਖ ਨਾ ਮੈਲੀ ਹੋਵੇ।
ਇਹ ਵੀ ਕਿਸੇ ਦੀ ਧੀ ਭੈਣ ਹੈ, ਅਮੀਰ ਗ਼ਰੀਬ ਕੋਈ ਹੋਵੇ।
ਧੀ ਜੰਮਣ 'ਤੇ ਬੁਰਾ ਨਾ ਮੰਨੋ, ਪੁੱਤਰਾਂ ਵਾਂਗ ਦੁਲ੍ਹਾਰ ਕਰੋ।
ਜੱਗ ਜਨਨੀ................
ਕੰਮ ਸਬਰ ਤੋਂ ਲੈ ਕੇ ਜੀਉ, ਮੁਸਟੰਡਪੁਣਾ ਵਿਖਾਉ ਨਾ।
ਆਪਣੇ ਘਰ ਵੀ ਝਾਤੀ ਮਾਰੋ, ਇੱਜ਼ਤ ਨੂੰ ਹੱਥ ਪਾਉ ਨਾ।
ਪਸ਼ੂ ਚੰਗੇ ਇਨਸਾਨਾਂ ਨਾਲੋਂ, ਨਾ ਪਸ਼ੂਆਂ ਤੋਂ ਮਾੜਾ ਵਿਹਾਰ ਕਰੋ।
ਜੱਗ ਜਨਨੀ.........
ਭਗਤਾਂ ਵੀਰਾਂ ਨੂੰ ਜਨਮ ਹੈ ਦਿੰਦੀ, ਲਾਡ ਲਡਾ ਕੇ ਪਾਲੇ ਓ।
ਸੇਕ ਬੱਚੇ ਨੂੰ ਲੱਗਣ ਨਾ ਦੇਵੇ, ਪੂਰੀ ਤਰ੍ਹਾਂ ਸੰਭਾਲੇ ਓ।
ਪੱਲੇ ਉਸਦੇ ਰੋਣਾ ਨਾ ਪੈ ਜਾਏ, ਉਸ 'ਤੇ ਵੀ ਉਪਕਾਰ ਕਰੋ।
ਜੱਗ ਜਨਨੀ........
ਭਾਵੇਂ ਇਸਤਰੀ ਪੜ੍ਹੀ ਲਿਖੀ ਹੋ, ਫ਼ਰਜ਼ ਉਸ ਦਾ ਵੀ ਬਣਦਾ ਹੈ।
ਨੰਗੇਜ਼ ਆਪਣਾ ਢੱਕ ਲੈ ਧੀਏ, ਜੋ ਦੁਸ਼ਮਣ ਤੇਰਾ ਬਣਦਾ ਹੈ।
ਫੈਸ਼ਨ ਨੇ ਹੈ ਪੱਟੀ ਦੁਨੀਆਂ, ਇਸ ਦਾ ਕੋਈ ਉਪਚਾਰ ਕਰੋ।
ਜੱਗ ਜਨਨੀ......
ਗੰਦੀਆਂ ਫਿਲਮਾਂ ਗੰਦੇ ਗਾਣੇ, ਘਰ ਘਰ ਦੇ ਵਿਚ ਪੁੱਜ ਗਏ ਨੇ।
ਊਤ ਗਿਆ ਹੈ ਆਵਾ 'ਕਲਸੀ' ਲੋਕੀਂ ਮਾੜੇ ਕੰਮੀਂ ਰੁਝ ਗਏ ਨੇ।
ਇੱਜ਼ਤ ਸਭ ਦੀ ਸਾਂਝੀ ਹੁੰਦੀ, ਇਸ ਗੱਲ ਦਾ ਪ੍ਰਚਾਰ ਕਰੋ।
ਜੱਗ ਜਨਨੀ ਹੈ ਔਰਤ ਲੋਕੋ, ਇਸ ਦਾ ਸਭ ਸਤਿਕਾਰ ਕਰੋ।

ਮਹਿੰਗਾ ਸਿੰਘ ਕਲਸੀ
94172-17387

## ਇਸ ਤੋਂ ਪਹਿਲਾਂ

ਇਸ ਤੋਂ ਪਹਿਲਾਂ ਕਿ
ਦਰਖੱਤਾਂ ਤੋਂ ਉੱਡ ਜਾਣ ਪਰਿੰਦੇ
ਟਹਿਣੀਆਂ ਤੋਂ ਡਿੱਗ ਪੈਣ ਪੱਤੇ
ਫੁੱਲਾਂ ਤੋਂ ਕਿਰ ਜਾਣ ਪੱਤੀਆਂ
ਬੇਨੂਰ ਹੋ ਜਾਣ ਗੁਲਾਬ
ਤੇ ਫ਼ਿਜ਼ਾ 'ਚ ਘੁਲ ਜਾਵੇ ਕਾਲਖ਼
ਆਓ ! ਸੂਰਜ ਨੂੰ ਕਹੀਏ ਜ਼ਰਾ ਏ ਸੁਵੱਖਤੇ ਆਵੀਂ
ਤੇ ਚੁਫ਼ੇਰੇ ਪਸਰੀ ਕਾਲਖ ਨੂੰ ਮਿਟਾਵੀਂ ।

o

ਹੁਣ ਨੀ ਰਹਿਣੀਆਂ ਰਾਤਾਂ ਕਾਲੇ ਕਹਿਰ ਦੀਆਂ
ਚੜ੍ਹ ਆਈਆਂ ਨੇ ਧੁੱਪਾਂ ਸਿਖਰ ਦੁਪਹਿਰ ਦੀਆਂ
ਜਦ ਵੀ ਬੰਦਾ ਤੁਰਦਾ ਰੌਸ਼ਨ ਰਾਹਾਂ 'ਤੇ
ਗੱਲਾਂ ਕਰਦਾ ਸੁੱਚੀਆਂ ਪਹਿਲੇ ਪਹਿਰ ਦੀਆਂ
ਮੰਨਿਆਂ ਕਿ ਦੁਨੀਆਂ 'ਤੇ ਹੈ ਨੇਰ੍ਹ ਬੜਾ
ਸੂਰਜ ਚੜ੍ਹੇ 'ਤੇ ਕਦ ਨੇ ਰਾਤਾਂ ਠਹਿਰਦੀਆਂ
ਕਿਸ ਗੱਲ ਦਾ ਗੁਮਾਨ ਤੇ ਚੌਧਰ ਕਿਸ ਗੱਲ ਦੀ
ਹੁਸਨ ਤੇ ਬਰਸਾਤਾਂ ਕਦ ਨੇ ਠਹਿਰਦੀਆਂ
ਧੁੱਪ ਦੀ ਜੂਨੇ ਆਇਆਂ ਧੁੱਪ ਚੜ੍ਹਾ ਸੱਜਣਾ
ਲੌਢੇ ਵੇਲੇ ਫਿਰ ਨਾ ਧੁੱਪਾਂ ਠਹਿਰਦੀਆਂ ।

ਡਾ: ਸੁਦਰਸ਼ਨ ਗਾਸ਼ੋ



## ਕਾਸ਼ !

ਮੈਂ ਕਿਰਨਾਂ ਨੂੰ ਕਿਹਾ
ਤੁਸੀਂ ਏਨੀਆਂ ਚਮਕਦਾਰ ਕਿਉਂ ਹੋ?
ਉਨ੍ਹਾਂ ਕਿਹਾ
ਕਿ ਅਸੀਂ ਰੋਸ਼ਨ
ਕਰਨਾ ਚਾਹੁੰਦੀਆਂ ਹਾਂ
ਕੁੱਲ ਦੁਨੀਆਂ ਨੂੰ ।
ਮੈਂ ਫੁੱਲ ਨੂੰ ਕਿਹਾ
ਤੂੰ
ਏਨਾ ਖ਼ੂਬਸਰਤ ਕਿਉਂ ਹੈਂ?
ਉਸ ਨੇ ਕਿਹਾ ਕਿ
ਮੈਂ ਮਹਿਕਾਉਣਾ ਚਾਹੁੰਦਾ ਹਾਂ
ਕੁੱਲ ਆਲਮ ।
ਮੈਂ ਨਦੀਆਂ ਨੂੰ ਕਿਹਾ
ਤੁਸੀਂ
ਏਨੀ ਮਸਤੀ ਤੇ ਰਵਾਨੀ 'ਚ
ਕਿਉਂ ਵਹਿੰਦੀਆਂ ਹੋ ?
ਨਦੀਆਂ ਨੇ ਕਿਹਾ
ਅਸੀਂ ਵੇਖਣਾ
ਚਾਹੁੰਦੀਆਂ ਹਾਂ
ਸਾਰੇ ਖੇਤਾਂ ਨੂੰ
ਹਰਿਆ ਭਰਿਆ ।
ਮੈਂ ਦਰੱਖ਼ਤ ਨੂੰ ਕਿਹਾ

ਤੂੰ ਏਨਾ ਨਿੱਘਾ ਤੇ ਸ਼ੀਤਲ ਕਿਉਂ ਹੈਂ?
ਉਸ ਕਿਹਾ,"ਮੈਂ ਦੁਨੀਆਂ ਦੀ ਤਪਸ਼
ਠਾਰਨਾ ਚਾਹੁੰਦਾ ਹਾਂ ।
ਮੇਰਾ ਧਰਮ ਛਾਂ ਦੇਣਾ ਹੈ ।"
ਮੈਂ ਸਭਨਾਂ ਦੇ ਉੱਤਰਾਂ ਸਾਹਵੇਂ ਨਿਰੁੱਤਰ
ਕਾਸ਼ ! ਮੈਂ
ਬਣ ਸਕਾਂ
ਕੋਈ ਕਿਰਨ
ਫੁੱਲ
ਨਦੀ ਜਾਂ
ਦਰੱਖ਼ਤ।

ਡਾ: ਸੁਦਰਸ਼ਨ ਗਾਸ਼ੋ



# ਸਾਰੇ ਪਾਸੇ ਦੁੱਖ ਹੀ ਦੁੱਖ ਹੈ।

ਸੁੱਖ ਦਾ ਨਾਂ ਨਿਸ਼ਾਨ ਨਾ ਕਿਧਰੇ
ਜਿੱਧਰ ਦੇਖਾਂ ਦੁੱਖ ਹੀ ਦੁੱਖ ਹੈ ।

ਭਾਵੇਂ ਸੌ ਪਕਵਾਨ ਨੇ ਪੱਕਦੇ
ਮਾੜੇ ਦੇ ਘਰ
ਭੁੱਖ ਹੀ ਭੁੱਖ ਹੈ ।

ਪੁੱਤਾਂ ਵਾਲੇ ਧੀਆਂ ਮੰਗਦੇ
ਧੀ ਵਾਲੇ ਨੂੰ
ਧੀ ਦਾ ਦੁੱਖ ਹੈ ।

ਦੁਨੀਆਂ ਵਿਚ ਅਬਾਦੀ ਵਧ ਗਈ
ਫਿਰ ਵੀ ਕਿਧਰੇ
ਸੁੰਨੀ ਕੁੱਖ ਹੈ ।

ਮਿੱਟੀ ਦੇ ਵਿਚ ਮਿੱਟੀ ਹੋ ਕੇ
ਅੰਨ ਦਾਤੇ ਦੇ
ਢਿੱਡ ਨੂੰ ਭੁੱਖ ਹੈ ।

ਚੋਰ-ਬਜ਼ਾਰੀ ਜ਼ੋਰਾਂ 'ਤੇ ਹੈ
ਹਰ ਪਾਸੇ ਇਕ
ਝੋਲੀ ਚੁੱਕ ਹੈ ।

ਹਰ ਇਕ ਚੀਜ਼ ਬਨਾਉਟੀ ਬਣ ਗਈ
ਖੁਸ਼ਬੂ ਵਾਲਾ
ਸੁੱਕਿਆ ਰੁੱਖ ਹੈ ।

ਭਾਵੇਂ ਘੋਰ ਹਨੇਰੀ ਵਗਦੀ
ਧਰਮਾਂ ਵਾਲਾ
ਫਿਰ ਵੀ ਚੁੱਪ ਹੈ ।

ਸਾਰੇ ਪਾਸੇ ਦੁੱਖ ਹੀ ਦੁੱਖ ਹੈ ।
(ਭੁਪਿੰਦਰ ਕੌਰ ਗਿੱਲ, ਐਡਮੰਟਨ, ਅਲਬਰਟਾ-ਕੈਨੇਡਾ)



## ਜੀਵ-ਜੰਤੂਆਂ 'ਚ ਵੀ ਤਾਂ ਜਾਨ ਹੁੰਦੀ ਏ

ਜੀਵ-ਜੰਤੂਆਂ 'ਚ ਵੀ ਤਾਂ ਜਾਨ ਹੁੰਦੀ ਏ,
ਇਨ੍ਹਾਂ ਨੂੰ ਵੀ ਚਾਹੀਦਾ ਪਿਆਰ ਬੱਚਿਓ ।
ਫੱਟੜਾਂ ਬਿਮਾਰਾਂ ਦੀ ਸੀ ਸੇਵਾ ਕਰਦੇ,
ਭਗਤ ਪੂਰਨ ਸਿੰਘ ਬੇਸ਼ੁਮਾਰ ਬੱਚਿਓ ।
ਜੀਵ-ਜੰਤੂਆਂ 'ਚ ਵੀ ਤਾਂ ਜਾਨ ਹੁੰਦੀ ਏ,
ਇਨ੍ਹਾਂ ਨੂੰ ਵੀ ਚਾਹੀਦਾ ਪਿਆਰ ਬੱਚਿਓ ।

ਜ਼ਖਮੀ ਜਦੋਂ ਵੀ ਕੋਈ ਮਿਲਦਾ ਸੀ ਜੀਵ,
ਪਿੰਗਲਵਾੜੇ ਉਸ ਨੂੰ ਲਿਆਉਂਦੇ ਹੁੰਦੇ ਸੀ ।
ਚੋਗੇ ਚਾਰੇ ਦਾ ਉਹ ਕਰਦੇ ਸੀ ਪ੍ਰਬੰਧ,
ਪਾਣੀ ਆਪ ਉਸ ਨੂੰ ਪਿਲਾਉਂਦੇ ਹੁੰਦੇ ਸੀ ।
ਉਨ੍ਹਾਂ ਦੀ ਜੋ ਰੱਖਿਆ ਉਹ ਸਾਡਾ ਹੈ ਫ਼ਰਜ਼,
ਵੱਡਮੁੱਲੇ ਉਨ੍ਹਾਂ ਦੇ ਵਿਚਾਰ ਬੱਚਿਓ ।
ਜੀਵ-ਜੰਤੂਆਂ 'ਚ ਵੀ ਤਾਂ ਜਾਨ ਹੁੰਦੀ ਏ,
ਇਨ੍ਹਾਂ ਨੂੰ ਵੀ ਚਾਹੀਦਾ ਪਿਆਰ ਬੱਚਿਓ ।

ਜ਼ਖ਼ਮਾਂ ਨੂੰ ਖੁਦ ਸੀ ਉਹ ਸਾਫ਼ ਰਹਿੰਦੇ ਕਰਦੇ,
ਮੱਲ੍ਹਮ-ਪੱਟੀ ਉਸ ਦੀ ਉਹ ਕਰਦੇ ਰਹਿੰਦੇ ਸੀ ।
ਪਸ਼ੂ ਬੇਜ਼ੁਬਾਨਾਂ ਨੂੰ ਨਲਾਉਂਦੇ ਸਾਫ਼ ਕਰਦੇ,
ਦੇਖ ਲੋ ਹੁੰਗਾਰਾ ਕਿੰਨਾ ਭਰਦੇ ਹੁੰਦੇ ਸੀ ।
ਰਹਿਮ ਦਿਲ ਕਿੰਨੇ ਸਨ ਹੱਦ ਨਹੀਂ ਸੀ ਕੋਈ,
ਕਰਦੇ ਸੀ ਪਰਉਪਕਾਰ ਬੱਚਿਓ ।
ਜੀਵ-ਜੰਤੂਆਂ 'ਚ ਵੀ ਤਾਂ ਜਾਨ ਹੁੰਦੀ ਏ,
ਇਨ੍ਹਾਂ ਨੂੰ ਵੀ ਚਾਹੀਦਾ ਪਿਆਰ ਬੱਚਿਓ ।

ਜੇ ਕੋਈ ਜੀਵ ਕਿਧਰੇ ਮਰਿਆ ਸੀ ਮਿਲਦਾ,
ਚੁੱਕ ਕੇ ਉਹ ਉਹਨੂੰ ਦਫਨਾਉਂਦੇ ਹੁੰਦੇ ਸੀ ।
ਬੋਲ ਨਹੀਉਂ ਸਕਦੇ ਇਹ ਦਿਲ ਵਾਲੀ ਗੱਲ,
ਫ਼ਰਜ਼ ਇਹ ਸਮਝ ਨਿਭਾਉਂਦੇ ਹੁੰਦੇ ਸੀ ।
ਸਾਡੇ ਵਾਂਗੂੰ ਇਹ ਵੀ ਹੁੰਦੇ ਰੱਬ ਦੇ ਨੇ ਜੀਵ,
ਕਰਦੇ ਸੀ ਉਹਦਾ ਸਸਕਾਰ ਬੱਚਿਓ ।
ਜੀਵ-ਜੰਤੂਆਂ 'ਚ ਵੀ ਤਾਂ ਜਾਨ ਹੁੰਦੀ ਏ,
ਇਨ੍ਹਾਂ ਨੂੰ ਵੀ ਚਾਹੀਦਾ ਪਿਆਰ ਬੱਚਿਓ ।

ਜੀਵ-ਜੰਤੂਆਂ ਦੇ ਵੱਲੋਂ ਅਸੀਂ ਮੁੱਖ ਮੋੜ,
ਪਹਿਲਾਂ ਬੜਾ ਕੁਝ ਹੈ ਗੁਆ ਲਿਆ ਅਸੀਂ ।
ਕੁਦਰਤ ਨਾਲ ਖਿਲਵਾੜ ਕਰਕੇ,
ਮਨੁੱਖਤਾ ਨੂੰ ਦਾਅ ਤੇ ਹੈ ਲਗਾ ਲਿਆ ਅਸੀਂ ।
ਪੰਛੀਆਂ ਦੇ ਬਾਰੇ ਲੋਕੀਂ ਹੋਏ ਨਹੀਂ ਗੰਭੀਰ,
ਇਕ ਦਿਨ ਹੋਣਗੇ ਲਾਚਾਰ ਬੱਚਿਓ ।
ਜੀਵ-ਜੰਤੂਆਂ 'ਚ ਵੀ ਤਾਂ ਜਾਨ ਹੁੰਦੀ ਏ,
ਇਨ੍ਹਾਂ ਨੂੰ ਵੀ ਚਾਹੀਦਾ ਪਿਆਰ ਬੱਚਿਓ ।

ਕਮਲਜੀਤ ਨੀਲੋਂ



## ਸਾਡੇ ਪੰਛੀ

ਪੰਛੀ ਨੇ ਕੁਦਰਤ ਦਾ ਗਹਿਣਾ, ਇਹਨਾਂ ਦਾ ਸਤਿਕਾਰ ਕਰੋ ।
ਸਾਡੇ ਇਹ ਨੇ ਮਿੱਤਰ ਪਿਆਰੇ, ਇਨ੍ਹਾਂ ਦੇ ਨਾਲ ਪਿਆਰ ਕਰੋ ।

ਗਿਰਝਾਂ ਕਿਤੇ ਨਜ਼ਰ ਨਾ ਆਵਣ, ਮਰੇ ਡੰਗਰਾਂ ਨੂੰ ਖਾਂਦੀਆਂ ਸੀ।
ਵਾਤਾਵਰਨ ਨੂੰ ਸਾਵਾਂ ਰੱਖ ਕੇ, ਪ੍ਰਦੂਸ਼ਣ ਨੂੰ ਵੀ ਹਟਾਂਦੀਆਂ ਸੀ।

ਸੁਬ੍ਹਾ ਸਵੇਰੇ ਚੀਂ ਚੀਂ ਕਰਕੇ, ਚਿੜੀਆਂ ਰਾਗ ਸੁਣਾਉਂਦੀਆਂ ਸੀ।
ਤੜਕੇ ਉੱਠ ਕੇ ਕਰੋ ਬੰਦਗੀ, ਸਾਨੂੰ ਯਾਦ ਕਰਾਂਦੀਆਂ ਸੀ ।

ਕਈ ਜ਼ਹਿਰੀਲੇ ਕੀੜੇ ਮਕੌੜੇ, ਬਿਨਾਂ ਦੇਰੀ ਮੁਕਾਉਂਦੀਆਂ ਸੀ ।
ਭੋਲੀਆਂ ਭਾਲੀਆਂ ਚਿੜੀਆਂ ਵੇਖੋ, ਕੁੜੀਆਂ ਵਾਂਗ ਸ਼ਰਮਾਉਂਦੀਆਂ ਸੀ ।

ਕਾਂ, ਕਬੂਤਰ, ਘੁੱਗੀਆਂ, ਮੈਨਾ, ਆਪਣੇ ਰਾਗ ਸੁਣਾਉਂਦੀਆਂ ਨੇ।
ਪਪੀਹੇ, ਮੋਰ ਤੇ ਕੋਇਲਾਂ ਵੇਖੋ, ਆਪਣੀ ਧੁਨ ਵਿਚ ਗਾਉਂਦੀਆਂ ਨੇ।

ਇੱਲਾਂ, ਬਾਜ਼, ਕਠਫੋੜਾ, ਨੀਲ ਕੰਠ ਚੱਕੀਰਾਹੇ ਦਾ ਵੇਖੋ ਜਲਾਲ।
ਘਰ ਬਣਾਉਣ ਦੀ ਜਾਚ ਜੇ ਸਿੱਖਣੀ, ਬਿਜੜੇ ਦਾ ਤੁਸੀਂ ਵੇਖੋ ਕਮਾਲ ।

ਤੋਤੇ, ਕੂੰਜਾਂ, ਹੰਸ, ਬਟੇਰੇ, ਕਲਹਿਰੀ, ਤਿਲੀਅਰ ਵਿਦੇਸ਼ੀ ਕਿਸਮਾਂ।
ਜੰਗਲ ਦੇ ਵਿਚ ਜਾ ਕੇ ਵੇਖੋ, ਰੰਗ ਬਿਰੰਗੀਆਂ ਚਿੜੀਆਂ ਦੀ ਰਿਸ਼ਮਾਂ।

ਇਹ ਵੀ ਰੱਬ ਦੇ ਜੀਅ ਨੇ ਪਿਆਰੇ, ਸਾਰੇ ਹੀ ਉਸ ਦੇ ਜਾਏ।
'ਕਲਸੀ' ਜੇ ਕਰ ਖ਼ਤਮ ਹੋ ਗਏ, ਕਿੱਥੋਂ ਲੱਭਾਂਗੇ ਹਮਸਾਏ ।

-ਮਹਿੰਗਾ ਸਿੰਘ ਕਲਸੀ,
ਮੋ: 94172-17387

# ਮਾਂ

ਮਾਂ ਬੂਟਾ ਬੋਹੜ ਜਿਹਾ, ਦਿੰਦਾ ਠੰਡੀਆਂ ਮਿੱਠੀਆਂ ਛਾਵਾਂ ।
ਮੁੱਲ ਉਹੀਉ ਦੱਸ ਸਕਦੇ ਜਿਹੜੇ ਖੋ ਬਹਿੰਦੇ ਨੇ ਮਾਵਾਂ ।
ਜਦ ਖੰਭ ਲੱਗ ਜਾਂਦੇ ਨੇ ਚੁਣਦੇ ਫਿਰ ਸੋਨਾ ਤੇ ਚਾਂਦੀ,
ਦਿਲ ਹੁਬਕੀਂ ਰੋਂਦਾ ਏ ਜਦੋਂ ਹੈ ਜੱਗ ਤੋਂ ਮਾਂ ਤੁਰ ਜਾਂਦੀ ।

ਫੁੱਲ ਜਿਉਂ ਜਿਉਂ ਖਿੜਦਾ ਏ ਮਾਂ ਦਾ ਚਿਹਰਾ ਖਿੜਿਆ ਰਹਿੰਦਾ ।
ਝੱਟ ਹੀ ਕੁਮਲਾ ਜਾਂਦੀ ਜੇਕਰ ਫੁੱਲ ਗੁੰਮ ਸੁੰਮ ਹੋ ਬਹਿੰਦਾ ।
ਪਾ ਸੁੱਕੀਆਂ ਥਾਵਾਂ ’ਤੇ, ਗਿੱਲੇ, ਪੈ ਕੇ ਸ਼ੁਕਰ ਮਨਾਂਦੀ,
ਦਿਲ ਹੁਬਕੀਂ ਰੋਂਦਾ ਏ ਜਦੋਂ ਹੈ ਜੱਗ ਤੋਂ ਮਾਂ ਤੁਰ ਜਾਂਦੀ ।

ਕਦੇ ਬੁਰਾ ਨਾ ਤੱਕਦੀ ਏ ਟੱਬਰ ਦਾ, ਸਦਾ ਭਲੇ ਲਈ ਮਰਦੀ ।
ਤੀਲਾ ਤੀਲਾ ਜੋੜ ਲਵੇ, ਸਾਰਾ ਦਿਨ ਕੁਝ ਨਾ ਕੁਝ ਰਹੇ ਕਰਦੀ ।
ਸਭ ਢਿੱਡ ਭਰ ਲੈਂਦੇ ਨੇ, ਪਰ ਮਾਂ ਬਚਿਆ ਖੁਚਿਆ ਖਾਂਦੀ,
ਦਿਲ ਹੁਬਕੀਂ ਰੋਂਦਾ ਏ ਜਦੋਂ ਹੈ ਜੱਗ ਤੋਂ ਮਾਂ ਤੁਰ ਜਾਂਦੀ ।

ਫੁੱਲ ਖਿੜ੍ਹੇ ਜਵਾਨੀ ’ਤੇ, ਮਾਂ ਪਿਉ ਕੋਲੋਂ ਕਰੇ ਕਿਨਾਰਾ ।
ਦੋ ਟੁਕੜੇ ਮਾਪਿਆਂ ਦੇ ਲੱਗਦੇ ਬੋਝ ਕੋਈ ਜਿਉਂ ਭਾਰਾ ।
ਫਿਰ ਮਾਰੀ ਫ਼ਿਕਰਾਂ ਦੀ ‘ਜੱਸਿਆ’ ਅੰਦਰੋਂ ਅੰਦਰ ਖੁਰ ਜਾਂਦੀ,
ਦਿਲ ਹੁਬਕੀਂ ਰੋਂਦਾ ਏ ਜਦੋਂ ਹੈ ਜੱਗ ਤੋਂ ਮਾਂ ਤੁਰ ਜਾਂਦੀ ।

–ਸ: ਜੈ ਸਿੰਘ 'ਜੱਸਾ'
ਪ੍ਰਸ਼ਾਸਕ (ਮਾਨਾਂਵਾਲਾ ਕੰਪਲੈਕਸ)
ਪਿੰਗਲਵਾੜਾ ਸੋਸਾਇਟੀ



# ਹੀਰ

**ਵੇ ਰਾਂਝਿਆ !**

ਮੈਂ ਕੀ ਕੁੱਟਣੀਆਂ ਸੀ ਚੂਰੀਆਂ,
ਮੈਥੋਂ ਤਾਂ ਕੁੱਟ ਹੀ ਨਾ ਹੋਣ ਮਜਬੂਰੀਆਂ ।
ਚੱਟਣੀਆਂ ਹੀ ਕੁੱਟਦੀ ਰਹੀ ਹਾਂ,
ਮੈਂ ਤਾਂ ਚਿੱਬੜਾਂ ਦੀਆਂ ।
ਖੁਰਲੀਆਂ ਹੀ ਹੂੰਝਦੀ ਰਹੀ ਹਾਂ,
ਮੈਂ ਤਾਂ ਲੰਬੜਾਂ ਦੀਆਂ ।
ਤਰਲਿਆਂ ਦੀ ਤੋੜੀ ਮੈਂ ਕੀ ਜਾਣਾ ਮਗਰੂਰੀਆਂ,
ਵੇ ਰਾਂਝਿਆ...
ਸਾਰੀ ਉਮਰ ਹੀ ਮੈਂ ਤਾਂ, ਪੱਠਿਆਂ ਦੀ ਪੰਡ ਹੇਠ ਰਹੀ ।
ਸਾਰੀ ਉਮਰ ਹੀ ਮੈਂ ਤਾਂ, ਦੁੱਖਾਂ ਦੀ ਕੰਡ ਹੇਠ ਰਹੀ ।
ਸਾਰੀ ਉਮਰ ਹੀ ਮੇਰੀਆਂ ਪਾਟੀਆਂ ਰਹੀਆਂ ਨੇ ਅੱਡੀਆਂ
ਘਸੀਆਂ ਰਹੀਆਂ ਨੇ ਮੂਹਰੀਆਂ,
ਵੇ ਰਾਂਝਿਆ.........
ਇਕ ਮੱਝ ਸੀ ਸਾਡੇ ਦਿਆਰੇ ਦੀ,
ਉਹ ਕੱਟਾ ਦੇ ਕੇ ਮਰ ਗਈ ।
ਤੈਂ ਕੀ ਚਾਰਨੀਆਂ ਸੀ ਸਾਡੀਆਂ ਬੂਰੀਆਂ, ਵੇ ਰਾਂਝਿਆ.....
ਮੇਰੇ ਕੀ ਪੈਣੇ ਸੀ ਗੱਲ੍ਹਾਂ ’ਚ ਟੋਏ,
ਮੇਰਾ ਕੀ ਲਿਖਣਾ ਸੀ ਕਿੱਸਾ ਕਿਸੇ,
ਮੈਨੂੰ ਕੀ ਮਿਲਣੀਆਂ ਸੀ ਮਸ਼ਹੂਰੀਆਂ,
ਵੇ ਰਾਂਝਿਆ, ਮੈਂ ਕੀ ਕੁੱਟਣੀਆਂ ਸੀ ਚੂਰੀਆਂ ।

–o–

## ਗਜ਼ਲ

ਪਿੰਡ ਦੀ ਮਿੱਟੀ, ਖੇਲ ਅਖਾੜੇ ਚੇਤੇ ਆਉਂਦੇ ਨੇ ।
ਪੈਲੀ ਬੰਬੀ, ਖੂਹ ਤੇ ਵਾੜੇ ਚੇਤੇ ਆਉਂਦੇ ਨੇ ।
ਮਾਂ ਦੀ ਨਿੱਘੀ-ਮਿੱਠੀ ਬੁੱਕਲ ਚੇਤੇ ਆਉਂਦੀ ਹੈ,
ਬਾਪੂ ਦੇ ਮਜ਼ਬੂਤ ਕੰਧਾੜੇ ਚੇਤੇ ਆਉਂਦੇ ਨੇ ।
ਕਲਮ, ਸਿਆਹੀ, ਪੱਟੀ ਬਸਤਾ ਲੈ ਕੇ ਤੱਪੜਾਂ 'ਤੇ,
ਬਹਿ ਕੇ ਕੀਤੇ ਯਾਦ ਪਹਾੜੇ ਚੇਤੇ ਆਉਂਦੇ ਨੇ ।
ਬੀਹੀ ਦੇ ਵਿੱਚ ਭੱਜਦੇ ਡਿੱਗਦੇ,ਹਾਣੀ ਬਾਲਾਂ ਦੇ,
ਹਾਸੇ-ਰੋਸੇ ਚੀਕ-ਚਿਹਾੜੇ ਚੇਤੇ ਆਉਂਦੇ ਨੇ ।
ਬਾਹਵਾਂ ਖੋਲ੍ਹ ਖਲੋਤੇ ਬਾਬੇ ਵਰਗੇ ਬੋਹੜਾਂ ਦੇ,
ਗਜ਼-ਗਜ਼ ਲੰਮੇ-ਲੰਮੇ ਦਾਹੜੇ ਚੇਤੇ ਆਉਂਦੇ ਨੇ ।
ਰੁੱਤ ਫਿਰੀ ਤੇ ਜ਼ਿੰਦਗੀ ਟੁਰ ਪਈ ਦੁਰਗਮ ਰਾਤਾਂ ਤੇ,
ਬਚਪਨ ਦੇ ਅਨਮੋਲ ਦਿਹਾੜੇ ਚੇਤੇ ਆਉਂਦੇ ਨੇ ।

ਅਸ਼ਵਨੀ

o

## ਅੱਜ ਦੀ ਗੱਲ

ਬਹੁ ਸੰਮਤੀ ਆਲਸੀ ਬੰਦਿਆਂ ਦੀ, ਜਿਹੜੇ ਕਿਸਮਤਾਂ ਦੇ ਰੋਣੇ ਰੋਣ ਇੱਥੇ।
ਰੋਸੇ ਘੋਸਿਆਂ ਦੇ ਮਾਲੀ ਬਹੁਤ ਫਿਰਦੇ, ਬੀਜ ਖ਼ੁਸ਼ੀ ਦੇ ਥੋੜ੍ਹੇ ਹੀ ਬੋਣ ਇੱਥੇ।
ਲਾਈ ਲੱਗ ਫ਼ਕੀਰ ਲਕੀਰ ਦੇ ਨੇ, ਨਿੱਤ ਬੋਦੀਆਂ ਰੂੜੀਆਂ, ਢੋਣ ਇੱਥੇ।
ਨੌਕਰ ਸ਼ਾਹ, ਪ੍ਰੋਹਿਤ ਤੇ ਰਾਜਨੇਤਾ, ਕਾਰਨ ਦੁੱਖਾਂ ਦਾ ਇਹੀ ਓ ਤਿਕੋਣ ਇੱਥੇ ।

-o-



## ਆਖਰੀ ਤਾਂ ਕੁਝ ਨਹੀਂ ਹੁੰਦਾ

ਆਖਰੀ ਤਾਂ ਕੁਝ ਨਹੀਂ ਹੁੰਦਾ,
ਸਿਵਾਏ ਹਾਰ ਮੰਨ ਲੈਣ ਦੇ,
ਕਿ ਪੁੱਟਿਆ ਹਰ ਕਦਮ, ਨਵੇਂ ਦਿਸਹੱਦੇ ਖੋਹਲਦਾ ਹੈ
ਕਰਦਾ ਹੈ ਰੂਬਰੂ ਨਵੇਂ ਸੁਪਨ ਸੰਸਾਰ ।
ਮਹੱਤਵਪੂਰਨ ਹੁੰਦਾ ਹੈ ਤੁਰਨਾ ਤੇ ਜੂਝਣਾ
ਬਹੁਤ ਕੁਝ ਉਡੀਕ ਰਿਹਾ ਹੁੰਦਾ
ਸਾਡੇ ਪੈਰਾਂ ਦੀ ਛੂਹ ਤਾਈਂ
ਸ਼ਾਹ ਸਵਾਰ ਓਹੀ ਬਣਦੇ ਨੇ, ਜਿਹੜੇ ਰੁਕਦੇ ਤਾਂ ਹਨ
ਪਰ ਸਿਰਫ਼ ਘੜੀ ਪਲ ਸਾਹ ਲੈਣ ਵਾਸਤੇ ਹੀ,
ਤਾਂ ਕਿ ਪੁੱਟ ਸਕਣ ਅਗਲਾ ਕਦਮ ਵਧੇਰੇ ਜ਼ੋਰਦਾਰ
ਨਾ ਕਿ ਗੁਆਚ ਜਾਣ, ਰਾਹਾਂ ਦੀ ਮਹਿਕਾਰ ਵਿੱਚ ਹੀ
ਤੇ ਪੜਾਵਾਂ ਨੂੰ ਹੀ ਮੰਨ ਲੈਣ ਆਖਰੀ ਮੰਜ਼ਿਲ ।

o

## ਅੱਜ ਦੀ ਗੱਲ

ਮੂੰਹ ਵਿੱਚ ਪਏ ਤਾਂ ਢਿੱਡ ਨੂੰ ਸਿਦਕ ਆਵੇ,
ਰੋਟੀ ਕਹਿਣ ਤੋਂ ਮਿਟੇ ਨਾ ਭੁੱਖ ਬਾਬਾ ।
ਕੋਈ ਸੁਣਨ ਲਈ ਨਹੀਂ ਤਿਆਰ ਅੱਜਕੱਲ੍ਹ,
ਕੀ ਦੱਸੀਏ ਕਿਸੇ ਨੂੰ ਦੁੱਖ ਬਾਬਾ ।
ਜਿਸ ਬਾਗ਼ ਦਾ ਮਾਲੀ ਬੇਈਮਾਨ ਹੋਵੇ,
ਫਲਦੇ ਉਸਦੇ ਕਦੇ ਨਾ ਬਹੁਤੇ ਰੁੱਖ ਬਾਬਾ ।
ਹਿੰਦੂ, ਸਿੱਖ, ਈਸਾਈ ਤਾਂ ਮਿਲਣ ਚੋਹਲਾ,
ਵਿਹਲੇ ਮਿਲਦੇ ਨੇ ਹੁਣ ਮਨੁੱਖ ਬਾਬਾ ।

-o-

## ਅੱਜ ਦੀ ਗੱਲ

"ਬੁੱਕਾਂ ਨਾਲ ਤਾਂ ਭਰੀ ਇਹ ਨਹੀਂ ਜਾਣੀ,
ਭ੍ਰਿਸ਼ਟਾਚਾਰ ਦੀ ਡੂੰਘੀ ਹੈ ਖੱਡ ਬਾਬਾ ।
ਤੇਰੀ ਪਾਰਟੀ ਵਿੱਚ ਹੋ ਗਿਆ ਸ਼ਾਮਲ,
ਆਇਆ ਆਪਣੀ ਪਾਰਟੀ ਛੱਡ ਬਾਬਾ ।
ਬਣਿਆ ਮਸਾਂ ਵਿਧਾਇਕ ਹਾਂ ਇਕ ਵਾਰੀ,
ਖਾਹਿਸ਼ਾਂ ਮੇਰੀਆਂ ਕੁਝ ਤਾਂ ਕੱਢ ਬਾਬਾ ।
ਚੇਅਰਮੈਨੀਆਂ ਨਾਲ ਨਹੀਂ ਡੰਗ ਸਰਨਾ,
ਝੰਡਾ ਮੇਰੀ ਵੀ ਕਾਰ 'ਤੇ ਗੱਡ ਬਾਬਾ ।

o

## ਅੱਜ ਦੀ ਗੱਲ

ਭਾਈਚਾਰੇ ਦਾ ਆਪਸ ਵਿੱਚ ਪਿਆਰ ਟੁੱਟਾ,
ਸਾਂਝੇ ਚੁੱਲ੍ਹੇ ਤੇ ਸਾਂਝੇ ਪਰਿਵਾਰ ਟੁੱਟੇ ।
ਵਿਸ਼ਵਾਸ ਵਿੱਚ ਕਚਹਿਰੀ ਦੇ ਫਿਰ ਰੁਲਦਾ,
ਗਲ ਪਾਏ ਬਾਹਾਂ ਦੇ ਹਾਰ ਟੁੱਟੇ ।
ਰਿਸ਼ਤੇ ਲੋਭ ਤਕ ਸੀਮਤ ਰਹਿ ਗਏ ਨੇ,
ਮਨ ਵਿੱਚੋਂ ਨੇ ਚੰਗੇ ਵਿਚਾਰ ਟੁੱਟੇ ।
ਸਭ ਕੁਝ ਤੋੜ ਕੇ ਨਸ਼ੇ ਵਿੱਚੋਂ ਕੀ ਲੱਭੇ,
ਖੁਸ਼ੀ ਖੇੜੇਦੇ ਗਏ ਵਪਾਰ ਲੁੱਟੇ ।



## ਕਾਵਿ ਸੁਰਾਂ

ਮਾਵਾਂ ਦੀ ਕਰਨੀ ਦਾ ਕਰਜ਼ਾ, ਕੀ ਜੰਮਿਆ ਨੇ ਲਾਹੁਣਾ ।
ਤੱਕ ਬੱਚਿਆਂ ਦੇ ਹੱਸਦੇ ਚਿਹਰੇ, ਮਾਵਾਂ ਸ਼ੁਕਰ ਮਨਾਉਣਾ ।
ਮਾਂ ਦੀ ਮਮਤਾ ਵਾਂਗ ਕੋਈ ਵੀ, ਕਿਤੋਂ ਨਾ ਮਿਲੇ ਦਵਾਈ,
ਜਿਸ ਦੀ ਗੋਦ 'ਚ ਬਹਿ ਸੁਖਦੀਪ ਵੇ, ਰੱਬ ਮੈਂ ਪਲਾਂ 'ਚ ਪਾਉਣਾ ।

**ਸੁਖਦੀਪ ਸਿੰਘ ਮੋਗਾ**

## ਵਾਤਾਵਰਨ ਪ੍ਰਦੂਸ਼ਣ

ਚੇਨੱਈ ਵਿੱਚ ਸੁਤੰਤਰਤਾ ਦਿਵਸ 'ਤੇ ਮੈਰੀਨ (beach) ਨੂੰ ਪਲਾਸਟਿਕ -ਮੁਕਤ ਘੋਸ਼ਿਤ ਕੀਤਾ ਗਿਆ । ਲਾਈਟ ਹਾਊਸ ਤੋਂ ਅੰਨਾ ਮੈਮੋਰੀਅਲ ਤਕ 4.5 ਕਿਲੋਮੀਟਰ ਦੇ ਇਲਾਕੇ ਵਿੱਚ ਨਿਪਟਾਉਣ (ਅੰਤ ਕਰਨ ਯੋਗ)ਯੋਗ ਕੱਪ ਪਲੇਟਾਂ ਅਤੇ ਪਾਣੀ ਵਾਲੀਆਂ ਥੈਲੀਆਂ ਨੂੰ ਸੁੱਟਣ ਦੀ ਇਜਾਜ਼ਤ ਨਹੀਂ ਹੈ ।

'ਸਮੁੰਦਰ ਪਲਾਸਟਿਕ ਕਚਰੇ ਤੋਂ ਮੁਕਤ ਹੈ' —ਇਸ ਗੱਲ ਨੂੰ ਯਕੀਨੀ ਬਣਾਉਣ ਲਈ ਇਹ ਇੱਕ ਛੋਟਾ ਜਿਹਾ ਕਦਮ ਹੈ । ਅਜੇ ਵੀ ਗਲ ਘੋਟੂ ਪਲਾਸਟਿਕ ਦੇ ਕਾਰਨ ਸ਼ਹਿਰ ਵਿੱਚ ਬਹੁਤ ਕੁਝ ਕਰਨਾ ਬਾਕੀ ਹੈ ।

ਚੇਨਈ ਕਾਰਪੋਰੇਸ਼ਨ ਕਮਿਸ਼ਨਰ ਰਾਜੇਸ਼ ਲਖੋਨੀ ਕਹਿੰਦੇ ਹਨ–

"ਸ਼ਹਿਰ ਵਿੱਚ ਹਰ ਰੋਜ਼ ਪੈਦਾ ਕੀਤੇ ਜਾਣ ਵਾਲੇ 3400/ਟਨ ਪਲਾਸਟਿਕ ਵਿੱਚੋਂ 35 ਤੋਂ 40 ਟਨ ਪਲਾਸਟਿਕ ਕਚਰਾ ਹੈ ਤੇ ਉਨ੍ਹਾਂ ਵਿੱਚ ਜ਼ਿਆਦਾਤਰ ਪਲਾਸਟਿਕ ਦੇ ਥੈਲੇ ਹਨ ।"

ਸਮੁੱਚੇ ਸੰਸਾਰ ਵਿੱਚ ਸਾਰੇ ਦੇਸ਼ ਇਸ ਸਮੱਸਿਆ ਦਾ ਸਾਹਮਣਾ ਕਰ ਰਹੇ ਹਨ । ਹਰ ਸਾਲ ਅਨੁਮਾਨਤ 500 ਬਿਲੀਅਨ ਤੋਂ ਇੱਕ ਟ੍ਰਿਲੀਅਨ ਪਲਾਸਟਿਕ ਥੈਲੀਆਂ ਦੀ ਵਰਤੋਂ ਸੰਸਾਰ ਵਿੱਚ ਕੀਤੀ ਜਾਂਦੀ ਹੈ ਜੋ ਕਿ ਲਗਭਗ ਇੱਕ ਮਿੰਟ ਵਿੱਚ ਇੱਕ ਮਿਲੀਅਨ ਦੀ ਗਿਣਤੀ ਬਣਦੀ ਹੈ ਤੇ ਉਨ੍ਹਾਂ ਦਾ ਵੀ ਜ਼ਿਆਦਾਤਰ ਦਾ ਖ਼ਾਤਮਾ ਕੁਝ ਹੀ ਮਿੰਟਾਂ ਵਿੱਚ ਕੂੜੇਦਾਨ ਵਿੱਚ ਹੋ ਜਾਂਦਾ ਹੈ। ਚੇਨਈ ਵਿਚ ਉਡੀਸੇ ਦੇ ਨੌ ਕਿਤਾਬਾਂ ਦੀਆਂ ਦੁਕਾਨਾਂ ਤੋਂ ਇੱਕ ਮਹੀਨੇ ਵਿੱਚ ਲਗਭਗ 30,000 ਪਲਾਸਟਿਕ ਥੈਲੀਆਂ ਬਾਹਰ ਆਉਂਦੀਆਂ ਹਨ । ਇਸ ਤੋਂ ਇਹ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਪਲਾਸਟਿਕ ਥੈਲੀਆਂ ਦੀ ਵਰਤੋਂ ਕਿਸ ਹੱਦ ਤਕ ਵਧ ਚੁੱਕੀ ਹੈ ।

**ਪਲਾਸਟਿਕ ਦੀਆਂ ਹਾਨੀਆਂ :–**

- ਪਲਾਸਟਿਕ ਨਾ ਨਵਿਆਉਣ ਯੋਗ ਸਰੋਤ ਹੈ ।
- ਪਲਾਸਟਿਕ ਵਿੱਚ ਕੋਮਲਤਾ ਹੁੰਦੀ ਹੈ ।
- ਪਲਾਸਟਿਕ ਦੀ ਬਣਤਰ ਵਿੱਚ ਦਬਾਅ ਹੇਠਾਂ ਵਿਗਾੜ ਪੈਦਾ ਹੁੰਦਾ ਹੈ ।
- ਪਲਾਸਟਿਕ ਘੱਟ ਤਾਪ ਰੋਧੀ ਹੈ ਅਤੇ ਇਸ ਵਿੱਚ ਤਾਰਕਸ਼ੀ ਦਾ ਗੁਣ



ਨਹੀਂ ਹੁੰਦਾ ।
- ਪਲਾਸਟਿਕ ਜਵਲਨਸ਼ੀਲ ਹੈ ।
- ਜਦੋਂ ਪਲਾਸਟਿਕ ਨੂੰ ਜਲਾਇਆ ਜਾਂਦਾ ਹੈ ਤਾਂ ਇਹ ਜ਼ਹਿਰੀਲਾ ਧੂੰਆਂ ਛੱਡਦਾ ਹੈ ।
- ਪਲਾਸਟਿਕ ਦੇ ਪੁਨਰ ਚਕਰਣ ਨਿਰਮਾਣ ਵਿਧੀ ਵਿੱਚ ਬਹੁਤ ਲਾਗਤ ਆਉਂਦੀ ਹੈ ।

ਪਲਾਸਟਿਕ ਦੀਆਂ ਥੈਲੀਆਂ ਵਾਤਾਵਰਣ ਵਿਚੋਂ ਨਸ਼ਟ ਹੋਣ ਵਿੱਚ 15 ਤੋਂ 1000 ਸਾਲ ਦਾ ਸਮਾਂ ਲੈ ਸਕਦੀਆਂ ਹਨ ।

**ਮੈਂ ਪਲਾਸਟਿਕ ਥੈਲੀਆਂ ਦੀ ਆਪਣੀ ਵਰਤੋਂ ਘਟਾਉਣ ਲਈ ਕੀ ਕਰ ਸਕਦਾ ਹਾਂ ? —**

ਯਾਦ ਰੱਖੋ ਖ਼ਰੀਦਾਰੀ ਕਰਨ ਲਈ ਆਪਣਾ ਥੈਲਾ ਲੈ ਜਾਓ ਜਾਂ ਫਿਰ ਦੁਬਾਰਾ ਵਰਤੋਂ ਵਿੱਚ ਆਉਣ ਵਾਲੇ ਥੈਲੇ ਖ਼ਰੀਦੋ ।

**ਪਰਚੂਨ ਵਿਕਰੇਤਾ ਪਰਚੂਨ ਦੁਕਾਨਾਂ ਵਿਚੋਂ ਪਲਾਸਟਿਕ ਚੈੱਕ-ਆਊਟ ਥੈਲੀਆਂ ਦੀ ਵਰਤੋਂ ਘਟਾਉਣ ਲਈ ਕੀ ਕਰ ਸਕਦੇ ਹਨ ?–**

ਪਰਚੂਨ ਵਿਕਰੇਤਾ ਗਾਹਕਾਂ ਨੂੰ ਮੁੜ ਵਰਤੋਂ ਵਿੱਚ ਆਉਣ ਵਾਲਾ ਥੈਲਾ ਭੇਟ ਕਰ ਸਕਦੇ ਹਨ । ਬਾਜ਼ਾਰ ਵਿੱਚ ਥੈਲੀਆਂ ਦੀ ਵੱਡੀ ਵੈਰਾਇਟੀ ਮਿਲਦੀ ਹੈ; ਜਿਵੇਂ ਕਿ ਕਾਗ਼ਜ਼, ਸੂਤੀ ਕੱਪੜੇ, ਪਟਸਨ, ਛੀਂਟ ਦੇ ਕਪੜੇ ਤੇ ਹੋਰ ਪਦਾਰਥਾਂ ਦੇ ਬਣੇ ਥੈਲੇ ।

**ਮੈਂ ਆਪਣੇ ਘਰ ਵਿੱਚ ਪਈਆਂ ਪਲਾਸਟਿਕ ਥੈਲੀਆਂ ਦਾ ਕੀ ਕਰ ਸਕਦਾ ਹਾਂ ?**

ਉਨ੍ਹਾਂ ਦੀ ਮੁੜ ਵਰਤੋਂ ਕਰੋ ਜਾਂ ਉਨ੍ਹਾਂ ਨੂੰ ਪੁਨਰ ਚਕਰਣ ਨਿਰਮਾਣ ਵਿੱਚ ਲਿਆਓ ।

ਤੁਸੀਂ ਆਪਣੇ ਘਰ ਵਿੱਚ ਇਕੱਠੀਆਂ ਹੋਈਆਂ ਪਲਾਸਟਿਕ ਥੈਲੀਆਂ ਨੂੰ ਕੂੜੇਦਾਨ ਅੰਦਰ ਲਗਾਉਣ ਲਈ, ਕੱਪੜੇ ਰੱਖਣ ਲਈ, ਗਿੱਲੀਆਂ ਚੀਜ਼ਾਂ ਨੂੰ ਰੱਖਣ ਲਈ, ਖਾਣ ਵਾਲੀਆਂ ਚੀਜ਼ਾਂ ਨੂੰ ਠੰਡਾ ਕਰਨ ਲਈ ਵਰਤੋ ।

ਆਪਣੀਆਂ ਪਲਾਸਟਿਕ ਚੈੱਕ-ਆਊਟ ਥੈਲੀਆਂ ਨੂੰ ਪੁਨਰ ਚਕਰਣ ਨਿਰਮਾਣ ਲਈ ਲੈ ਜਾਉ, ਕਿਉਂਕਿ ਘਰ ਵਿੱਚ ਇਨ੍ਹਾਂ ਦਾ ਪੁਨਰ ਚਕਰਣ

ਨਹੀਂ ਹੋ ਸਕਦਾ । ਪਲਾਸਟਿਕ ਥੈਲੀਆਂ ਦਾ ਪੁਨਰ ਚਕਰਣ ਨਿਰਮਾਣ ਕਰਨ ਵਾਲੇ ਸਥਾਨਾਂ ਦਾ ਪਤਾ ਕਰਨ ਲਈ Recycling Near You. com.au.'ਤੇ ਜਾਓ ।

**ਮੇਰਾ ਕਸਬਾ ਪਲਾਸਟਿਕ -ਮੁਕਤ ਕਿਵੇਂ ਹੋ ਸਕਦਾ ਹੈ ?**

1. ਆਪਣੇ ਕਸਬੇ ਨੂੰ ਪਲਾਸਟਿਕ ਥੈਲੀਆਂ ਤੋਂ ਮੁਕਤ ਰੱਖਣ ਦੀ ਮੁਹਿੰਮ-ਵਿੱਚ ਇਕਸੁਰ ਹੋ ਕੇ ਕੰਮ ਕਰਨ ਲਈ ਇੱਕ ਲੋਕਲ ਚੈਂਪੀਅਨ ਨਿਯੁਕਤ ਕਰੋ ।

ਤਾਲਮੇਲ ਕਰਤਾ (Co-Ordinator )ਕੋਈ ਵੀ ਹੋ ਸਕਦਾ ਹੈ ਜੋ ਕੰਮ ਕਰਨ ਦਾ ਇਛੁੱਕ ਹੋਵੇ ।

2. ਆਪਣੇ ਕਸਬੇ ਦੇ ਨਿਵਾਸੀਆਂ ਤੇ ਪਰਚੂਨ ਵਿਕਰੇਤਾਵਾਂ ਨੂੰ ਪਲਾਸਟਿਕ ਚੈੱਕ-ਆਊਟ ਸੰਬੰਧੀ ਵਿਸ਼ੇ 'ਤੇ ਸਿੱਖਿਅਤ ਕਰੋ । ਜਾਣਕਾਰੀ ਲਈ ਤੁਸੀਂ Website ਦੇਖ ਸਕਦੇ ਹੋ ।

**ਪਲਾਸਟਿਕ ਦੀਆਂ ਥੈਲੀਆਂ ਜੰਗਲੀ ਜੀਵਨ ਨੂੰ ਕਿਵੇਂ ਪ੍ਰਭਾਵਿਤ ਕਰਦੀਆਂ ਹਨ:-**

ਪਲਾਸਟਿਕ ਥੈਲੀਆਂ ਦੇ ਕਚਰੇ (ਵਿਅਰਥ ਪਦਾਰਥਾਂ) ਦਾ ਅਸਲ ਪ੍ਰਭਾਵ ਦੋ ਸਥਾਨਾਂ ਤੇ ਜਲੀਅ ਵਾਤਾਵਰਣ ਅਤੇ ਪੇਂਡੂ ਖੇਤਰਾਂ ਵਿੱਚ ਅਨੁਭਵ ਕੀਤਾ ਜਾਂਦਾ ਹੈ ।

ਜਲੀਅ ਵਾਤਾਵਰਣ ਵਿੱਚ ਪਲਾਸਟਿਕ ਥੈਲੀਆਂ ਦੇ ਕਚਰੇ ਤੋਂ ਹਰ ਸਾਲ ਹਜ਼ਾਰਾਂ ਦੀ ਗਿਣਤੀ ਵਿੱਚ ਵੇਲ੍ਹ ਮੱਛੀਆਂ, ਪੰਛੀ, ਸੀਲ (ਸਮੁੰਦਰੀ ਜੀਵ) ਕਛੂਕੁੰਮੇ ਮਰਦੇ ਹਨ ਕਿਉਂਕਿ ਇਹ ਜੀਵ ਪਲਾਸਟਿਕ ਥੈਲੀਆਂ ਦੇ ਕਚਰੇ ਨੂੰ ਅਕਸਰ ਆਪਣਾ ਭੋਜਨ ਜਿਵੇਂਕਿ ਜੈਲੀ-ਫਿਸ਼ ਸਮਝਣ ਦੀ ਗ਼ਲਤੀ ਕਰ ਬੈਠਦੇ ਹਨ । ਜਦੋਂ ਇਨ੍ਹਾਂ ਪਲਾਸਟਿਕ ਥੈਲੀਆਂ ਦਾ ਕਚਰਾ ਇਨ੍ਹਾਂ ਸਮੁੰਦਰੀ ਜੀਵਾਂ ਦੇ ਸਰੀਰ ਅੰਦਰ ਜਾਂਦਾ ਹੈ ਤਾਂ ਇਸ ਦਾ ਪਾਚਨ ਨਹੀਂ ਹੁੰਦਾ ਤੇ ਨਾ ਹੀ ਇਹ ਇਨ੍ਹਾਂ ਜੀਵਾਂ ਦੇ ਸਰੀਰ ਵਿੱਚੋਂ ਬਾਹਰ ਨਿਕਲਦਾ ਹੈ । ਪਲਾਸਟਿਕ ਥੈਲੀਆਂ ਦਾ ਇਹ ਕਚਰਾ ਇਨ੍ਹਾਂ ਜੀਵਾਂ ਦੇ ਸਰੀਰ ਅੰਦਰ ਹੀ ਰਹਿੰਦਾ ਹੈ । ਇਸ ਨਾਲ ਇਨ੍ਹਾਂ ਜੀਵਾਂ ਦੇ ਸਰੀਰ ਅੰਦਰ ਪਾਚਨ ਕਿਰਿਆ ਰੁਕ ਜਾਂਦੀ ਹੈ ਤੇ ਇਸਦੇ ਨਾਲ ਹੌਲੀ-ਹੌਲੀ ਤੇ ਦਰਦਨਾਕ ਮੌਤ ਹੁੰਦੀ ਹੈ।

ਪਲਾਸਟਿਕ ਦੀਆਂ ਥੈਲੀਆਂ ਨਸ਼ਟ ਹੋਣ ਵਿਚ ਹਜ਼ਾਰਾਂ ਸਾਲ



ਲੈਂਦੀਆਂ ਹਨ । ਇਸ ਲਈ ਜਦੋਂ ਕੋਈ ਸਮੁੰਦਰੀ ਜੀਵ ਪਲਾਸਟਿਕ ਥੈਲੀਆਂ ਦੇ ਕਚਰੇ ਨੂੰ ਖਾਣ ਨਾਲ ਮਰਦਾ ਹੈ ਤਾਂ ਉਸਦੇ ਮ੍ਰਿਤਕ ਸਰੀਰ ਦਾ ਅਪਘਟਨ ਹੁੰਦਾ ਹੈ ਪਰ ਪਲਾਸਟਿਕ ਫੇਰ ਤੋਂ ਜਲੀਅ ਵਾਤਾਵਰਣ ਵਿੱਚ ਹੋਰ ਸਮੁੰਦਰੀ ਜੀਵਾਂ ਨੂੰ ਮਾਰਨ ਦੀ ਪ੍ਰਕਿਰਿਆ ਜ਼ਾਰੀ ਰੱਖਣ ਲਈ ਮੁਕਤ ਹੋ ਜਾਂਦਾ ਹੈ ; ਗੰਡੋਏ ਵਰਗੇ ਜੀਵ ਜੰਤੂ ਧਰਤੀ ਹੇਠਾਂ ਪਲਾਸਟਿਕ ਥੈਲੀਆਂ ਦੇ ਛੋਟੇ ਛੋਟੇ ਕਣ ਖਾ ਕੇ ਮਰ ਜਾਂਦੇ ਹਨ ਜਿਸ ਨਾਲ ਧਰਤੀ ਦੀ ਉਪਜਾਊ-ਸ਼ਕਤੀ ਬਣਨ ਵਿਚ ਵਿਘਨ ਪੈਂਦਾ ਹੈ ।

**ਪਲਾਸਟਿਕ-ਕਚਰਾ ਧਰਤੀ ਉੱਪਰ ਅਤੇ ਵਿਸ਼ਵ ਦੇ ਸਮੁੰਦਰਾਂ ਵਿੱਚ ਇੱਕ ਮਹਾਂਮਾਰੀ ਬਣ ਚੁੱਕਾ ਹੈ । ਇੱਕ ਇਕੱਲਾ ਵਿਅਕਤੀ ਅਜਿਹੀ ਵਿਸ਼ਵ-ਵਿਆਪੀ ਸਮੱਸਿਆ ਦੇ ਸੰਬੰਧ ਵਿੱਚ ਕੀ ਕਰ ਸਕਦਾ ਹੈ ?**

ਇਸ ਸਮੱਸਿਆ 'ਤੇ ਕਾਬੂ ਪਾਉਣ ਲਈ ਤੁਸੀਂ ਹੇਠ ਲਿਖੇ ਸਾਧਾਰਣ ਤਰੀਕੇ ਵਰਤ ਸਕਦੇ ਹੋ ।

1. ਪਲਾਸਟਿਕ ਦੀ ਪੈਕਿੰਗ ਵਿਚ ਵਸਤੂਆਂ ਨੂੰ ਖ਼ਰੀਦਣ ਤੋਂ ਪਰਹੇਜ਼ ਕਰੋ।

ਪਲਾਸਟਿਕ ਦੀ ਬਜਾਏ ਕੱਚ ਦੇ ਮਰਤਬਾਨ ਦੀ ਪੈਕਿੰਗ ਵਿੱਚ ਖਾਣ ਵਾਲੀਆਂ ਵਸਤੂਆਂ ਖਰੀਦੋ ; ਡਿਟਰਜੈਂਟ ਨੂੰ ਬੋਤਲਾਂ ਦੀ ਬਜਾਏ ਡੱਬਿਆਂ ਵਿੱਚ ਖਰੀਦੋ । ਅਜਿਹਾ ਕਰਕੇ ਤੁਸੀਂ ਪਲਾਸਟਿਕ ਦੀ ਵਰਤੋਂ ਨੂੰ ਘੱਟ ਤਾਂ ਕਰਦੇ ਹੀ ਹੋ, ਸਗੋਂ ਤੁਸੀਂ ਇਨ੍ਹਾਂ ਵਸਤੂਆਂ ਦੇ ਨਿਰਮਾਤਾਵਾਂ ਨੂੰ ਇੱਕ ਜ਼ਬਰਦਸਤ ਸੰਦੇਸ਼ ਵੀ ਭੇਜ ਰਹੇ ਹੋ ਕਿ ਤੁਸੀਂ ਪਲਾਸਟਿਕ ਦੀ ਪੈਕਿੰਗ ਵਿੱਚ ਚੀਜ਼ਾਂ ਨੂੰ ਪਸੰਦ ਨਹੀਂ ਕਰਦੇ ।

2. ਖ਼ਰੀਦਾਰੀ ਲਈ ਕੱਪੜੇ ਦੇ ਬਣੇ ਥੈਲੇ ਦੀ ਵਰਤੋਂ ਕਰੋ ।

ਪਲਾਸਟਿਕ ਦੀਆਂ ਥੈਲੀਆਂ ਅੱਖ ਦਾ ਕਾਂਟਾ ਹਨ ਤੇ ਜੰਗਲੀ ਜੀਵਨ ਲਈ ਖ਼ਤਰਨਾਕ ਹਨ । ਮੁੜ ਵਰਤੋਂ ਵਿੱਚ ਆਉਣ ਵਾਲੇ ਥੈਲੇ ਆਪਣੇ ਕੋਲ ਰੱਖੋ। — ਆਪਣੀ ਕਾਰ ਵਿੱਚ, ਬਾਈਕ ਵਿੱਚ । ਤੁਸੀਂ ਜਦੋਂ ਵੀ ਬਾਜ਼ਾਰ ਜਾਂ ਸ਼ਾਪਿੰਗ ਮਾਲ ਵਿਚ ਜਾਂਦੇ ਹੋ ਤਾਂ ਇਨ੍ਹਾਂ ਥੈਲਿਆਂ ਨੂੰ ਨਾਲ ਲੈ ਜਾਣਾ ਨਾ ਭੁੱਲੋ ।

3. ਬੋਤਲ ਬੰਦ ਪਾਣੀ ਦੀ ਵਰਤੋਂ ਤੋਂ ਪਰਹੇਜ਼ ਕਰੋ ।

ਮੁੜ ਵਰਤੋਂ ਵਿੱਚ ਆਉਣ ਵਾਲੀ ਥਰਮਸ ਜਾਂ ਪਾਣੀ ਵਾਲਾ ਕੈਨ ਆਪਣੇ

ਨਾਲ ਲੈ ਜਾਉ । ਬੀਚ 'ਤੇ ਆਮ ਕਰਕੇ ਪਾਏ ਜਾਣ ਵਾਲੇ – 10 ਕਚਰਿਆਂ ਵਿੱਚੋਂ ਪਲਾਸਟਿਕ ਬੋਤਲਾਂ ਵੀ ਇੱਕ ਹਨ । ਬੋਤਲ ਬੰਦ ਪਾਣੀ ਨਲ ਦੇ ਪਾਣੀ ਨਾਲੋਂ ਮਹਿੰਗਾ ਹੁੰਦਾ ਹੈ । ਅਜਿਹਾ ਕਰਕੇ ਤੁਸੀਂ ਪੈਸੇ ਦੀ ਵੀ ਬਚਤ ਕਰੋਗੇ ਅਤੇ ਆਪਣੇ ਪੀਣ ਯੋਗ ਪਦਾਰਥਾਂ ਵਿੱਚ ਪਲਾਸਟਿਕ ਦੇ ਵਿਸ਼ੈਲੇ ਪ੍ਰਭਾਵਾਂ ਦੇ ਸੰਭਾਵੀ ਖ਼ਤਰਿਆਂ ਤੋਂ ਬਚੋਗੇ।

4. ਪੁਰਾਣੀਆਂ ਚੀਜ਼ਾਂ ਨੂੰ ਸੁੱਟਣ ਅਤੇ ਨਵੀਆਂ ਖ਼ਰੀਦਣ ਦੀ ਬਜਾਏ ਪੁਰਾਣੀਆਂ ਚੀਜ਼ਾਂ ਦੀ ਨਵੇਂ ਤਰੀਕੇ ਨਾਲ ਵਰਤੋਂ ਕਰਨ ਬਾਰੇ ਸੋਚ-ਵਿਚਾਰ ਕਰੋ ।

5. ਕਾਫ਼ੀ ਦਾ ਆਰਡਰ ਕਰਨ ਵੇਲੇ ਆਪਣੇ ਨਾਲ ਮੁੜ ਵਰਤੋਂ ਵਿੱਚ ਆਉਣ ਵਾਲਾ ਮੱਗ ਰੱਖੋ । ਆਪਣੇ ਮੇਜ਼, ਪਰਸ, ਕਾਰ ਵਿੱਚ, ਥੈਲੇ ਵਿੱਚ, ਮੁੜ ਵਰਤੋਂ ਵਿੱਚ ਆਉਣ ਵਾਲਾ ਮੱਗ ਰੱਖੋ ਤਾਂ ਕਿ ਉਸ ਵਿਚ ਕਾਫ਼ੀ ਪੀ ਸਕੋ ।

6. ਪੀਪਣੀ ( Straw) ਦੀ ਵਰਤੋਂ ਨਾ ਕਰੋ :-

ਬੀਚ 'ਤੇ ਪਾਈਆਂ ਜਾਣ ਵਾਲੀਆਂ 10 ਕਚਰੇ ਨਮਾ ਵਸਤੂਆਂ ਵਿੱਚੋਂ ਪੀਪਣੀ ( Straw) ਵੀ ਇੱਕ ਹੈ ।

ਅਸੀਂ ਪੀਣ ਯੋਗ ਪਦਾਰਥਾਂ ਨੂੰ ਬਿਨਾਂ ਪੀਪਣੀ (Straw ) ਦੇ ਵੀ ਪੀ ਸਕਦੇ ਹਾਂ । ਇਸ ਲਈ ਇਸ ਦੀ ਵਰਤੋਂ ਤੋਂ ਪਰਹੇਜ਼ ਕਰੋ। ਜੇਕਰ ਤੁਹਾਨੂੰ ਪੀਪਣੀ (Straw ) ਦੀ ਲੋੜ ਮਹਿਸੂਸ ਹੁੰਦੀ ਹੈ ਤਾਂ ਤੁਸੀਂ ਮੁੜ ਵਰਤੋਂ ਵਿੱਚ ਆਉਣ ਵਾਲੀ ਸਟੇਨਲੈਸ ਸਟੀਲ ਜਾਂ ਫਿਰ ਤੁਸੀਂ ਕੱਚ ਦੀ ਪੀਪਣੀ ਦੀ ਵਰਤੋਂ ਕਰ ਸਕਦੇ ਹੋ ।

7. ਕੁਦਰਤੀ ਰੇਸ਼ਿਆਂ (ਪਦਾਰਥਾਂ) ਦੇ ਬਣੇ ਕੱਪੜੇ ਪਹਿਨੋ । ਸਿੰਥੈਟਿਕ ਰੇਸ਼ੇ ਦੇ ਬਣੇ ਕੱਪੜਿਆਂ ਤੋਂ ਪਰਹੇਜ਼ ਕਰੋ ।

ਕੱਪੜੇ ਪਹਿਨਣ ਤੇ ਧੋਣ ਨਾਲ ਉਸਦੇ ਰੇਸ਼ੇ ਝੜਦੇ ਹਨ । ਪਾਲਿਸਟਰ ਦਾ ਕੱਪੜਾ ਪਲਾਸਟਿਕ ਦਾ ਬਣਿਆ ਹੁੰਦਾ ਹੈ । ਵਿਸ਼ਵ ਦੇ ਸਮੁੰਦਰਾਂ ਵਿੱਚ ਮਾਈਕਰੋ ਪਲਾਸਟਿਕ ਦੇ ਸੂਖਮ ਕਣ ਇਨ੍ਹਾਂ ਸਿੰਥੈਟਿਕ ਰੇਸ਼ਿਆਂ ਤੋਂ ਬਣੇ ਕੱਪੜੇ ਦੀ ਵਰਤੋਂ ਦਾ ਹੀ ਨਤੀਜਾ ਹਨ ।

8. ਨਿਪਟਾਉਣ ਯੋਗ (disposable ) ਬਰਤਨਾਂ ਦੀ ਵਰਤੋਂ ਤੋਂ ਪਰਹੇਜ਼ ਕਰੋ । ਇਨ੍ਹਾਂ ਦੀ ਥਾਂ 'ਤੇ ਰੂੜੀ ਵਿੱਚ ਤਬਦੀਲ ਹੋ ਜਾਣ ਵਾਲੀਆਂ ਚੀਜ਼ਾਂ ਦੀ ਵਰਤੋਂ ਕਰੋ ਜਿਵੇਂ ਪੱਤਲਾਂ, ਡੋਨੇ ਆਦਿ । ਸਾਫ਼ ਕਰਨ ਯੋਗ ਅਤੇ ਮੁੜ ਵਰਤੋਂ ਵਿੱਚ ਆਉਣ ਵਾਲੇ ਕੱਪ, ਪਲੇਟਾਂ, ਬਰਤਨਾਂ ਦੀ ਵਰਤੋਂ ਕਰੋ । ਜਦੋਂ ਤੁਸੀਂ



ਰੂੜੀ ਵਿੱਚ ਤਬਦੀਲ ਹੋਣ ਯੋਗ ਪਦਾਰਥਾਂ ਜਿਵੇਂ ਪੱਤਲਾਂ, ਡੂਨਿਆਂ ਆਦਿ ਦੀ ਵਰਤੋਂ ਕਰਦੇ ਹੋ ਤਾਂ ਤੁਸੀਂ ਧਿਆਨ ਰੱਖੋ ਕਿ ਇਨ੍ਹਾਂ ਨੂੰ ਜ਼ਮੀਨ 'ਤੇ ਸੁੱਟਣ ਨਾਲ ਇਨ੍ਹਾਂ ਦਾ ਜਲਦੀ ਅਪਘਟਨ ਨਹੀਂ ਹੁੰਦਾ । ਅਜਿਹੇ ਪਦਾਰਥਾਂ ਨੂੰ ਰੂੜੀ ਵਿੱਚ ਤਬਦੀਲ ਹੋਣ ਵਾਲੀਆਂ ਅਨੁਕੂਲ ਪਰਿਸਥਿਤੀਆਂ ਅੰਦਰ ਇਨ੍ਹਾਂ ਦਾ ਨਿਪਟਾਰਾ ਕਰੋ ਤਾਂ ਕਿ ਇਹ ਖਾਦ ਵਿਚ ਤਬਦੀਲ ਹੋ ਜਾਵੇ ।

9. ਬਿਜਲੀ ਉਪਕਰਣਾਂ ਨੂੰ ਨਕਾਰਾ ਨਾ ਬਣਾਓ ।

ਆਪਣੇ ਖ਼ਰਾਬ ਬਿਜਲੀ ਉਪਕਰਣਾਂ ਦੀ ਮੁਰੰਮਤ ਕਰਾਉਣ ਤੇ ਪੁਰਾਣੇ ਉਪਕਰਣਾਂ ਦੀ ਥਾਂ ਨਵੇਂ ਉਪਕਰਣ ਖ਼ਰੀਦਣ ਦੀ ਬਜਾਏ ਪੁਰਾਣੇ ਉਪਕਰਣਾਂ ਦੇ ਸਤਰ ਵਿੱਚ ਸੁਧਾਰ ਲਿਆਉਣ ਦਾ ਟੀਚਾ ਮਿੱਥੋ। ਖ਼ਰਾਬ ਉਪਕਰਣ ਅਤੇ ਕੰਪਿਊਟਰ ਦੇ ਖ਼ਰਾਬ ਹਿੱਸੇ ਵੇਚ ਦਿਓ ਜਾਂ ਫਿਰ ਅਜਿਹੀ ਥਾਂ ਦਾ ਪਤਾ ਕਰੋ ਜਿੱਥੇ ਉਨ੍ਹਾਂ ਦਾ ਪੁਨਰ ਚਕਰਣ ਨਿਰਮਾਣ ਹੋ ਸਕਦਾ ਹੈ।

10. ਜਦੋਂ ਤੁਸੀਂ ਕੋਈ ਖਾਣ-ਪੀਣ ਵਾਲੀ ਵਸਤੂ ਘਰ ਲਿਆਉਂਦੇ ਹੋ ਜਾਂ ਫਿਰ ਘਰੋਂ ਬਾਹਰ ਲੈ ਕੇ ਜਾਂਦੇ ਹੋ ਤਾਂ ਉਸ ਲਈ ਆਪਣਾ ਮੁੜ ਵਰਤੋਂ ਵਿੱਚ ਆਉਣ ਵਾਲੇ ਬਰਤਨ ਦੀ ਵਰਤੋਂ ਕਰੋ ।

-o-

## ਵਾਤਾਵਰਣ ਲਈ ਗੰਭੀਰ ਖ਼ਤਰਾ ਬਣਿਆ ਪਲਾਸਟਿਕ

–ਤਜਿੰਦਰ ਸਿੰਘ

ਅਜੋਕੇ ਦੌਰ 'ਚ ਪਲਾਸਟਿਕ ਜਾਂ ਪਾਲੀਥੀਨ ਸਾਡੇ ਜੀਵਨ ਦਾ ਅਹਿਮ ਹਿੱਸਾ ਬਣਦਾ ਜਾ ਰਿਹਾ ਹੈ । ਸਮਾਨ ਲਿਆਉਣ ਲਈ ਵਰਤੇ ਜਾਂਦੇ ਲਿਫ਼ਾਫ਼ਿਆਂ ਤੋਂ ਲੈ ਕੇ ਬਰਤਨ, ਬੱਚਿਆਂ ਦੇ ਖਿਡੌਣੇ, ਬਲਬ, ਦਵਾਈਆਂ ਦੀਆਂ ਬੋਤਲਾਂ, ਕੰਪਿਊਟਰ ਤੇ ਉਸ ਦੇ ਹੋਰ ਉਪਕਰਨ, ਮੋਬਾਇਲ ਅਤੇ ਨਿੱਤ ਵਰਤੋਂ ਦੀਆਂ ਹੋਰ ਚੀਜ਼ਾਂ ਆਦਿ ਸਭ ਪਲਾਸਟਿਕ ਦੇ ਰੂਪ 'ਚ ਉਪਲਬਧ ਹੋ ਰਹੇ ਹਨ ।

ਇਸ ਤਰ੍ਹਾਂ ਹਜ਼ਾਰਾਂ ਟਨ ਪਲਾਸਟਿਕ ਸਾਡੇ ਵਾਤਾਵਰਣ 'ਚ ਹਰ ਰੋਜ਼ ਸ਼ਾਮਲ ਹੋ ਰਿਹਾ ਹੈ ਜੋ ਸਾਡੇ ਚੌਗਿਰਦੇ ਲਈ ਬਹੁਤ ਖ਼ਤਰਨਾਕ ਹੈ। ਇਸ ਦਾ ਸਭ ਤੋਂ ਖ਼ਤਰਨਾਕ ਪਹਿਲੂ ਹੈ ਇਸ ਦਾ ਅਜੈਵਿਕ ਹੋਣਾ। ਪਲਾਸਟਿਕ ਕਿਸੇ ਨਾ ਕਿਸੇ ਰੂਪ ਵਿਚ ਸਾਡੇ ਚੌਗਿਰਦੇ 'ਚ ਸ਼ਾਮਲ ਤਾਂ ਹੋ ਰਿਹਾ ਹੈ, ਪਰ ਇਹ ਖ਼ਤਮ ਨਹੀਂ ਹੋ ਰਿਹਾ । ਵਿਗਿਆਨੀਆਂ ਅਨੁਸਾਰ ਮਿੱਟੀ 'ਚ ਦਬਾ ਕੇ ਵੀ ਕਈ ਵਰ੍ਹਿਆਂ ਤਕ ਅਸੀਂ ਇਸ ਨੂੰ ਨਸ਼ਟ ਨਹੀਂ ਕਰ ਸਕਦੇ। ਜੇਕਰ ਇਸ ਨੂੰ ਜਲਾ ਕੇ ਖ਼ਤਮ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ, ਤਾਂ ਉਸ ਨਾਲ ਹਾਈਡੋਰਜਨ ਸਾਇਆਨਾਇਡ ਗੈਸ ਪੈਦਾ ਹੁੰਦੀ ਹੈ, ਜੋ ਵਾਤਾਵਰਣ 'ਚ ਘੁਲ ਕੇ ਕੈਂਸਰ ਦਾ ਕਾਰਨ ਵੀ ਬਣ ਸਕਦੀ ਹੈ ।

ਸਾਡੇ ਮੁਲਕ 'ਚ ਹਾਲੇ ਤਕ ਕੂੜਾ ਸੰਭਾਲਣ ਦੇ ਢੰਗਾਂ ਪ੍ਰਤੀ ਸਰਕਾਰ ਜਾਗਰੂਕ ਨਹੀਂ ਹੋਈ ਹੈ ਤੇ ਨਾ ਹੀ ਲੋਕ ਇਸ ਬਾਰੇ ਸੁਚੇਤ ਹਨ।ਸਰਕਾਰ ਸ਼ਹਿਰ ਦਾ ਸਾਰਾ ਕੂੜਾ ਇਕ ਥਾਂ ਇਕੱਠਾ ਕਰਕੇ ਉਸ ਨੂੰ ਨਸ਼ਟ ਕਰਨ ਦੀ ਕੋਸ਼ਿਸ਼ ਕਰਦੀ ਹੈ, ਜਦ ਕਿ ਜ਼ਰੂਰਤ ਇਹ ਹੈ ਕਿ ਪਹਿਲਾਂ ਜੈਵਿਕ ਤੇ ਅਜੈਵਿਕ ਕੂੜੇ ਨੂੰ ਛਾਂਟਿਆ ਜਾਵੇ। ਅਸੀਂ ਆਪਣੇ ਚੌਗਿਰਦੇ ਵਿਚ ਹਰ ਥਾਂ 'ਤੇ ਹੀ ਪਲਾਸਟਿਕ ਦੇ ਲਿਫ਼ਾਫ਼ੇ ਖਿੰਡੇ ਹੋਏ ਦੇਖ ਸਕਦੇ ਹਾਂ , ਕਿਉਂਕਿ ਇਹ ਗਲਣਸ਼ੀਲ ਨਹੀਂ ਹੁੰਦੇ, ਇਸ ਕਰਕੇ ਇਹ ਉਸੇ ਰੂਪ ਵਿਚ ਧਰਤੀ ਉਤੇ ਪਏ ਰਹਿੰਦੇ ਹਨ। ਸ਼ਹਿਰਾਂ 'ਚ ਜਿੱਥੇ ਇਹ ਲਿਫ਼ਾਫ਼ੇ ਗੰਦਗੀ ਦਾ ਕਾਰਨ ਬਣਦੇ ਹਨ, ਉਥੇ ਪਿੰਡਾਂ ਦੇ ਖੇਤਾਂ 'ਚ ਪਹੁੰਚ ਕੇ ਕਈ ਮੁਸ਼ਕਿਲਾਂ ਪੈਦਾ ਕਰਦੇ ਹਨ। ਇਹ ਜਿੱਥੇ ਬਨਸਪਤੀ ਨੂੰ ਪ੍ਰਭਾਵਿਤ ਕਰਦੇ ਹਨ ਉਥੇ ਇਸ ਦੇ ਜ਼ਹਿਰੀਲੇ ਤੱਤ ਮਿੱਟੀ 'ਚ ਮਿਲ ਕੇ ਉਸ ਦੀ ਉਪਜਾਊ-ਸ਼ਕਤੀ ਨੂੰ ਪ੍ਰਭਾਵਿਤ ਕਰਦੇ



ਹਨ। ਅਸੀਂ ਲਿਫ਼ਾਫ਼ਿਆਂ ਨੂੰ ਵਰਤੋਂ ਤੋਂ ਬਾਅਦ ਸੜਕ 'ਤੇ ਸੁੱਟ ਦਿੰਦੇ ਹਾਂ ।

ਇਸ ਤਰ੍ਹਾਂ ਸੜਕਾਂ 'ਤੇ ਰੁਲਦੇ ਇਹ ਸ਼ਹਿਰਾਂ 'ਚ ਸੀਵਰੇਜ ਜਾਮ ਹੋਣ ਦਾ ਵੀ ਕਾਰਨ ਬਣਦੇ ਹਨ । ਇਨ੍ਹਾਂ ਕਰਕੇ ਸੀਵਰੇਜ 'ਚ ਰੁਕਿਆ ਪਾਣੀ ਕਈ ਬਿਮਾਰੀਆਂ ਪੈਦਾ ਕਰਦਾ ਰਹਿੰਦਾ ਹੈ । ਸ਼ਹਿਰ 'ਚ ਅਕਸਰ ਗਾਵਾਂ ਤੇ ਹੋਰ ਅਵਾਰਾ ਪਸ਼ੂ ਕੂੜੇ 'ਚ ਆਪਣੇ ਭੋਜਨ ਤਲਾਸ਼ਦੇ ਰਹਿੰਦੇ ਹਨ। ਇਹ ਲਿਫ਼ਾਫ਼ੇ ਉਨ੍ਹਾਂ ਵੱਲੋਂ ਨਿਗਲਣ 'ਤੇ ਪੇਟ 'ਚ ਜਾ ਕੇ ਉਨ੍ਹਾਂ ਦੀ ਮੌਤ ਦਾ ਕਾਰਨ ਵੀ ਬਣ ਜਾਂਦੇ ਹਨ। ਪਲਾਸਟਿਕ ਬਣਾਉਣ ਸਮੇਂ ਕਈ ਰਸਾਇਣਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ । ਇਸ ਦਾ ਸਿੱਧਾ ਸਾਡੇ ਭੋਜਨ ਨਾਲ ਸੰਪਰਕ ਹੋਣਾ ਵੀ ਮਨੁੱਖੀ ਸਿਹਤ ਲਈ ਹਾਨੀਕਾਰਕ ਹੈ । ਅਸੀਂ ਆਪਣੀ ਸਹੂਲਤ ਦੇ ਗ਼ੁਲਾਮ ਹੋਏ ਬਜ਼ਾਰ 'ਚ ਕੋਈ ਵੀ ਖਾਣ ਵਾਲੀ ਵਸਤੂ ਪਲਾਸਟਿਕ ਦੇ ਰੰਗਦਾਰ ਲਿਫ਼ਾਫ਼ਿਆਂ 'ਚ ਹੀ ਲਿਆਉਂਦੇ ਹਾਂ । ਇਹ ਰੰਗਦਾਰ ਲਿਫ਼ਾਫ਼ੇ ਸਭ ਤੋਂ ਘਟੀਆ ਗੁਣਵੱਤਾ ਦੇ ਹੁੰਦੇ ਹਨ ।

ਇਨ੍ਹਾਂ ਨੂੰ ਬਣਾਉਣ ਸਮੇਂ ਲੈੱਡ ਅਤੇ ਕੈਡਮਿਅਮ ਵਰਗੇ ਰਸਾਇਣਾਂ ਨੂੰ ਵਰਤਿਆ ਜਾਂਦਾ ਹੈ ਜੋ ਸਿਹਤ 'ਤੇ ਉਲਟਾ ਅਸਰ ਕਰਦੇ ਹਨ । ਵਿਗਿਆਨ ਦੀ ਇਕ ਨਵੀਂ ਖੋਜ ਅਨੁਸਾਰ ਘਟੀਆ ਪੱਧਰ ਦੇ ਪਲਾਸਟਿਕ ਦੇ ਸੰਪਰਕ ਵਿਚ ਆਏ ਭੋਜਨ ਦਾ ਲੰਮਾ ਸਮਾਂ ਵਧੇਰੇ ਪ੍ਰਯੋਗ ਕਰਨ ਨਾਲ ਮਨੁੱਖੀ ਹਾਰਮੋਨ 'ਚ ਵੀ ਤਬਦੀਲੀ ਆ ਜਾਂਦੀ ਹੈ। ਇਕ ਹੋਰ ਰਿਪੋਰਟ ਅਨੁਸਾਰ, ਪਲਾਸਟਿਕ ਦੀਆਂ ਬੋਤਲਾਂ ਬਣਾਉਣ ਲਈ ਬਿਸਫੇਨਾਲ ਏ ਰਸਾਇਣ ਵਰਤਿਆ ਜਾਂਦਾ ਹੈ । ਵਿਗਿਆਨੀਆਂ ਅਨੁਸਾਰ ਇਹ ਰਸਾਇਣ ਮਨੁੱਖੀ ਦਿਮਾਗੀ ਕ੍ਰਿਆਵਾਂ ਨੂੰ ਸਿੱਧੇ ਰੂਪ ਵਿਚ ਪ੍ਰਭਾਵਤ ਕਰਦਾ ਹੋਇਆ ਉਸ ਦੇ ਸਿੱਖਣ 'ਤੇ ਯਾਦ ਰੱਖਣ ਦੀ ਸਮਰੱਥਾ ਨੂੰ ਘਟਾਉਂਦਾ ਹੈ ।

ਪਲਾਸਟਿਕ ਸਾਡੇ ਭੋਜਨ ਨੂੰ ਕਿੰਨਾ ਕੁ ਪ੍ਰਭਾਵਿਤ ਕਰਦਾ ਹੈ, ਅਸੀਂ ਪਲਾਸਟਿਕ ਦੀ ਬੋਤਲ 'ਚ ਕੁਝ ਦੇਰ ਤੋਂ ਰੱਖੇ ਪਾਣੀ ਦੇ ਸੁਆਦ ਦੀ ਤੁਲਨਾ ਤਾਜ਼ੇ ਪਾਣੀ ਨਾਲ ਕਰਕੇ ਜਾਣ ਸਕਦੇ ਹਾਂ । ਇਸ ਤਰ੍ਹਾਂ ਪਲਾਸਟਿਕ ਅੱਜ ਸਾਡੇ ਵਾਤਾਵਰਣ ਤੇ ਸਾਡੀ ਸਿਹਤ ਲਈ ਬਹੁਤ ਵੱਡੀ ਚੁਣੌਤੀ ਦੇ ਰੂਪ 'ਚ ਸਾਹਮਣੇ ਆ ਰਿਹਾ ਹੈ ਜਿਸ ਦਾ ਸਾਨੂੰ ਮਿਲ ਕੇ ਯੋਜਨਾਬੱਧ ਤਰੀਕੇ ਨਾਲ ਮੁਕਾਬਲਾ ਕਰਨਾ ਚਾਹੀਦਾ ਹੈ। ਅਸੀਂ ਭਾਵੇਂ ਅੱਜ ਪਲਾਸਟਿਕ ਵਰਤਣ ਦੇ ਆਦੀ ਹੋ ਚੁੱਕੇ ਹਾਂ ਕਿਉਂਕਿ ਇਹ ਕਿਸੇ ਵੀ ਹੋਰ ਵਸਤੂ ਨਾਲੋਂ ਸਸਤਾ ਪੈਂਦਾ

ਹੈ ਤੇ ਥਾਂ ਘੱਟ ਘੇਰਦਾ ਹੈ। ਇਸ ਦੀ ਵਰਤੋਂ ਦੁਕਾਨਦਾਰ ਤੇ ਗਾਹਕ, ਦੋਵਾਂ ਲਈ ਆਸਾਨ ਹੁੰਦੀ ਹੈ। ਪਰ ਜੇਕਰ ਅਸੀਂ ਇਸ ਨਾਲ ਹੁੰਦੇ ਨੁਕਸਾਨਾਂ ਨੂੰ ਦੇਖੀਏ ਤਾਂ ਸਾਨੂੰ ਇਸ ਗੱਲ ਦਾ ਫ਼ੈਸਲਾ ਕਰ ਲੈਣਾ ਚਾਹੀਦਾ ਹੈ ਕਿ ਅਸੀਂ ਚੌਗਿਰਦੇ ਦੇ ਜ਼ਹਿਰੀਲੇ ਹੋਣ ਦੀ ਕੀਮਤ ’ਤੇ ਕੋਈ ਸਹੂਲਤ ਲੈਣ ਲਈ ਕਿੰਨੇ ਕੁ ਤਿਆਰ ਹਾਂ ।

ਚਾਹੇ ਇਹ ਪਲਾਸਟਿਕ ਦੇ ਬਣੇ ਉਤਪਾਦ ਸਾਡੀ ਸੁੱਖ ਸਹੂਲਤ ਦਾ ਅਟੁੱਟ ਅੰਗ ਬਣ ਚੁੱਕੇ ਹਨ, ਪਰ ਭਵਿੱਖ ’ਚ ਪ੍ਰਦੂਸ਼ਣ ਰਹਿਤ ਵਾਤਾਵਰਣ ਦੀ ਲੋੜ ਲਈ ਸਾਨੂੰ ਇਨ੍ਹਾਂ ਦਾ ਬੇਲੋੜਾ ਤਿਆਗ ਕਰਨਾ ਹੀ ਪਵੇਗਾ । ਇਸ ਦਿਸ਼ਾ ’ਚ ਸਭ ਤੋਂ ਪਹਿਲਾਂ ਮੁਬਾਰਕ ਕਦਮ ਸਰਕਾਰ ਵੱਲੋਂ ਇਹ ਲੋੜੀਂਦਾ ਹੈ ਕਿ ਉਹ ਆਪਣੇ ਰਾਜਾਂ ’ਚ ਪਲਾਸਟਿਕ ਦੇ ਲਿਫ਼ਾਫ਼ਿਆਂ ’ਤੇ ਪਾਬੰਦੀ ਲਗਾਵੇ । ਵਿਸ਼ਵ ਦੇ ਕਈ ਮੁਲਕਾਂ ਨੇ ਆਪਣੇ ਦੇਸ਼ ’ਚ ਪਲਾਸਟਿਕ ਦੇ ਬਣੇ ਲਿਫ਼ਾਫ਼ਿਆਂ ਦੀ ਵਰਤੋਂ ’ਤੇ ਪੂਰੀ ਪਾਬੰਦੀ ਲਗਾਈ ਹੋਈ ਹੈ । ਸਾਡੇ ਗੁਆਂਢੀ ਮੁਲਕ ਬੰਗਲਾ ਦੇਸ਼ ਨੇ ਸੰਨ 2002 ’ਚ ਅਜਿਹੀ ਪਾਬੰਦੀ ਲਗਾਈ ਸੀ ।

-0-



## *ਪੋਲੀਥੀਨ ਦਾ ਕਹਿਰ"*

ਫੈਸਲ ਖ਼ਾਨ
ਸਰਕਾਰੀ ਹਾਈ ਸਕੂਲ ਦਸਗਰਾਂਈ (ਰੋਪੜ)।

ਜਦੋਂ ਕਦੇ ਵੀ ਘਰ ਤੋਂ ਬਾਹਰ ਨਿਕਲਦੇ ਹਾਂ, ਪਰਸ ਜਾਂ ਪੈਸੇ ਰੱਖਣੇ ਕਦੇ ਨਹੀਂ ਭੁੱਲਦੇ ਪਰ ਸਾਮਾਨ ਲੈਣ ਲਈ ਕੋਈ ਵੀ ਥੈਲਾ ਜਾਂ ਕੋਈ ਬੈਗ ਲੈਣਾ ਕਿਉਂ ਨਹੀਂ ਯਾਦ ਰੱਖਦੇ। ਹਾਂ, ਸੋਚਦੇ ਹਾਂ ਕਿਉਂ ਖ਼ਾਲੀ ਭਾਰ ਚੁੱਕਣਾ, ਦੁਕਾਨਦਾਰ ਕੋਈ ਨਾ ਕੋਈ ਪੋਲੀਥੀਨ ਦੇ ਹੀ ਦੇਵੇਗਾ, ਤਾਂ ਕੀ ਲੋੜ ਹੈ ਥੈਲੇ ਜਾਂ ਬੈਗ ਦੀ। ਹਰੇਕ ਸਾਧਾਰਨ ਬੰਦੇ ਦੀ ਇਹੀ ਸੋਚ ਹੁੰਦੀ ਹੈ। ਪਰ ਕਦੇ ਅਸੀਂ ਇਹ ਨਹੀਂ ਸੋਚਦੇ ਕਿ ਜੋ ਪੋਲੀਥੀਨ ਅਸੀਂ ਵਰਤ ਰਹੇ ਹਾਂ ਉਹ ਸਾਡੇ ਲਈ ਕਿੰਨਾ ਹਾਨੀਕਾਰਕ ਹੈ —ਸਾਡੇ ਲਈ, ਸਾਡੇ ਪਿੰਡ, ਸਾਡੇ ਸਮਾਜ ਲਈ । ਸਾਡਾ ਤਾਂ ਬਸ ਕੰਮ ਹੈ ਪੋਲੀਥੀਨ ਵਿਚ ਸਾਮਾਨ ਲਿਆਉਣਾ ਅਤੇ ਸਾਮਾਨ ਕੱਢ ਕੇ ਪੋਲੀਥੀਨ ਬਾਹਰ ਸੁੱਟ ਦੇਣਾ । ਪਰ ਅੱਜ ਸਮਾਂ ਹੈ ਇਸ ਗੱਲ ’ਤੇ ਵਿਚਾਰ ਕਰਨ ਦਾ ਕਿ ਕਿਨ੍ਹਾਂ ਕਿਨ੍ਹਾਂ ਕਾਰਨਾਂ ਕਰਕੇ ਪੋਲੀਥੀਨ ਨੁਕਸਾਨਦਾਇਕ ਸਿੱਧ ਹੋ ਰਿਹਾ ਹੈ।

**ਪੋਲੀਥੀਨ ਨੂੰ ਇਧਰ ਉਧਰ ਸੁੱਟਣ ਦੇ ਨੁਕਸਾਨ:-** ਪੋਲੀਥੀਨ ਨੂੰ ਜਦੋਂ ਅਸੀਂ ਇਧਰ ਉਧਰ ਸੁੱਟ ਦਿੰਦੇ ਹਾਂ ਤਾਂ ਇਹ ਹਵਾ ਨਾਲ ਉੱਡ ਕੇ ਨਾਲੀਆਂ ਵਿਚ ਡਿੱਗ ਪੈਂਦੇ ਹਨ, ਨਾਲੀਆਂ ਵਿਚ ਫਸ ਜਾਂਦੇ ਹਨ। ਪਰ ਇਹਨਾਂ ਨੇ ਕਿਹੜਾ ਗਲਣਾ ਹੈ। ਇਹ ਉਵੇਂ ਦੇ ਉਵੇਂ ਰਹਿੰਦੇ ਹਨ ਜਿਸ ਨਾਲ ਨਾਲੀਆਂ ਦਾ ਪਾਣੀ ਰੁਕ ਜਾਂਦਾ ਹੈ। ਜੋ ਕਈ ਪ੍ਰਕਾਰ ਦੀਆਂ ਸਮੱਸਿਆਵਾਂ ਨੂੰ ਜਨਮ ਦਿੰਦਾ ਹੈ।ਇਕ ਤਾਂ ਇਸ ਵਿਚ ਮੱਛਰ ਪੈਦਾ ਹੋ ਜਾਂਦਾ ਹੈ ਅਤੇ ਖੜ੍ਹਾ ਪਾਣੀ ਬੁਸ ਜਾਂਦਾ ਹੈ ਜਿਸ ਵਿਚੋਂ ਗੰਦੀ ਬਦਬੂ ਆਉਂਦੀ ਹੈ।

ਬਰਸਾਤ ਵਿਚ ਵਰਖਾ ਨਾਲ ਪਾਣੀ ਹੋਰ ਜ਼ਿਆਦਾ ਹੁੰਦਾ ਹੈ, ਪਰ ਨਾਲੀ ਤਾਂ ਬੰਦ ਹੈ ਜਿਸ ਨਾਲ ਪਾਣੀ ਆਂਢ-ਗੁਆਂਢ ਦੇ ਘਰਾਂ ਵਿਚ ਵੜਨਾ ਸ਼ੁਰੂ ਹੋ ਜਾਂਦਾ ਹੈ ਤੇ ਦੇਖਦੇ ਦੇਖਦੇ ਅੱਧਾ ਪਿੰਡ ਜਲ ਮਗਨ ਹੋ ਜਾਂਦਾ ਹੈ। ਅਸੀਂ ਕੋਲ ਦੇ ਘਰਾਂ ਵਾਲਿਆਂ ਨੂੰ ਆਖ ਹੀ ਦਿੰਦੇ ਹਾਂ ਕਿ ਨਾਲੀਆਂ ਦੀ ਸਫ਼ਾਈ ਨਹੀਂ ਕਰਦੇ। ਪਰ ਕੀ  ਇਸ ਵਿਚ ਕੇਵਲ ਉਨ੍ਹਾਂ ਲੋਕਾਂ ਦੀ ਗ਼ਲਤੀ ਹੈ ਜਿਨ੍ਹਾਂ ਦੇ ਘਰ ਵਿਚ ਪਾਣੀ ਵੜ ਰਿਹਾ ਹੈ ਜਾਂ ਸਾਰੇ ਪਿੰਡ ਦੀ ਗ਼ਲਤੀ ਹੈ ??????

## ਅਜੇ ਹੋਰ ਦੇਖੋ ਪੋਲੀਥੀਨ ਦਾ ਕਹਿਰ

ਬਜ਼ਾਰੋਂ ਪੋਲੀਥੀਨ ਵਿਚ ਸਾਮਾਨ ਲਿਆਏ ਅਤੇ ਘਰ ਦੇ ਸਬਜ਼ੀ ਦੇ ਛਿਲਕੇ ਅਤੇ ਆਲਤੂ-ਫਾਲਤੂ ਕੂੜਾ ਕਰਕਟ ਪੋਲੀਥੀਨ ਵਿਚ ਭਰਿਆ ਅਤੇ ਚੱਲ ਬਾਹਰ ਗਲੀਆਂ ਵਿਚ ਜਾ ਕੇ ਕਿਸੇ ਢੇਰ ਉੱਤੇ। ਉਸ ਦੇ ਬਾਅਦ ਕੀ ਹੋਇਆ?????? ਪਤਾ ਨਹੀਂ???????ਪਰ ਅਸੀਂ ਦੇਖਿਆ ਕਿ ਕਿਸੇ ਦੁੱਧ ਦੇਣ ਵਾਲੀ ਗਾਂ, ਮੱਝ ਜਾਂ ਕੋਈ ਹੋਰ ਪਸ਼ੂ ਉਥੇ ਆਇਆ ਤੇ ਉਥੇ ਪਏ ਪੋਲੀਥੀਨ ਵਿਚਲੇ ਹੋਰ ਛਿਲਕੇ ਦੇਖ ਕੇ ਉਸਨੂੰ ਖਾ ਗਿਆ ਤੇ ਇਹ ਪੋਲੀਥੀਨ ਉਸਦੀ ਮੌਤ ਦਾ ਕਾਰਨ ਬਣੀ। ਜਿਸ ਦਾ ਪਸ਼ੂ ਮਰਿਆ ਹੁੰਦਾ ਹੈ ਉਸਦੇ ਘਰ ਜਾ ਕੇ ਦੇਖ ਆਉਂਦੇ ਹਾਂ ਤੇ ਆਉਂਦੇ ਕਹਿੰਦੇ ਹਾਂ ਉਹ ਪਸ਼ੂ ਦਾ ਖ਼ਿਆਲ ਨਹੀਂ ਰੱਖਦਾ ਸੀ। ਪਰ ਦੱਸੋ ਇਸ ਵਿਚ ਉਸ ਪਸ਼ੂ ਦਾ ਜਾਂ ਉਸਦੇ ਮਾਲਿਕ ਦਾ ਕੀ ਕਸੂਰ ਸੀ। ਯਾਦ ਰੱਖੋ ਕੱਲ ਉਹ ਪਸ਼ੂ ਤੁਹਾਡਾ ਵੀ ਹੋ ਸਕਦਾ ਹੈ । ਕੀ ਉਦੋਂ ਵੀ ਤੁਸੀਂ ਇਹੀ ਕਹੋਗੇ ਕਿ ਅਸੀਂ ਪਸ਼ੂ ਦਾ ਖ਼ਿਆਲ ਨਹੀਂ ਸੀ ਰੱਖਿਆ। ਇਸ ਤਰ੍ਹਾਂ ਦੀਆਂ ਪਸ਼ੂਆਂ ਦੀਆਂ ਮੌਤਾਂ ਵਿਚ ਨਾ ਤਾਂ ਪਸ਼ੂ ਦੀ ਗ਼ਲਤੀ ਹੈ ਤੇ ਨਾ ਹੀ ਉਸਦੇ ਮਾਲਿਕ ਦੀ। ਇਸ ਵਿਚ ਗ਼ਲਤੀ ਹੈ ਸਾਡੀ ਤੇ ਸਾਡੀ। ਅਸੀਂ ਕਿਸੇ ਤੀਰਥ ਅਸਥਾਨ 'ਤੇ ਜਾਂਦੇ ਹਾਂ ਤੇ ਗਊ ਮਾਤਾ ਨੂੰ ਵੀ ਸ਼ਰਧਾ ਨਾਲ ਰੋਟੀ ਜਾਂ ਫ਼ਲ ਆਦਿ ਪੋਲੀਥੀਨ ਸਣੇ ਹੀ ਉਸਦੇ ਮੂਹਰੇ ਰੱਖ ਦਿੰਦੇ ਹਾਂ । ਵਿਚਾਰੀ ਗਊ ਮਾਤਾ ਰੋਟੀ ਫ਼ਲਾਂ ਨਾਲ ਪੋਲੀਥੀਨ ਵੀ ਖਾ ਗਈ ਤੇ ਮੌਤ ਦਾ ਸ਼ਿਕਾਰ ਹੋ ਗਈ। ਹੁਣ ਦੱਸੋ ਅਸੀਂ ਪੁੰਨ ਕਰਦੇ ਹਾਂ ਜਾਂ ਪਾਪ ??ਦੱਸੋ ??????

## ਅਜੇ ਵੀ ਨਹੀਂ ਰੁਕਿਆ ਪੋਲੀਥੀਨ ਦਾ ਕਹਿਰ

ਸ਼ਹਿਰ ਜਾਂ ਕਈ ਪਿੰਡਾਂ ਵਿਚ ਜਿੱਥੇ ਕੂੜਾ-ਕਰਕਟ ਸੁੱਟਣ ਲਈ ਥਾਂ ਘੱਟ ਹੈ, ਉਥੋਂ ਦੇ ਲੋਕ ਪੋਲੀਥੀਨ ਤੇ ਕੂੜਾ ਕਰਕਟ ਨੂੰ ਜਲ ਸਰੋਤਾਂ ਵਿਚ ਸੁੱਟ ਦਿੰਦੇ ਹਨ । ਬਸ ਫਿਰ ਕੀ ?? ਫਿਰ ਕੀ, ਉਥੇ ਦੇ ਹਜ਼ਾਰਾਂ ਜਲੀ ਜੀਵ ਜੰਤੂ ਪ੍ਰਭਾਵਿਤ ਹੁੰਦੇ ਹਨ ਅਤੇ ਕਈ ਪ੍ਰਕਾਰ ਦੀਆਂ ਮੱਛੀਆਂ ਮਰ ਜਾਂਦੀਆਂ ਹਨ ਅਤੇ ਕੱਛੂਕੁੰਮੇ ਅਤੇ ਹੋਰ ਕਈ ਪ੍ਰਕਾਰ ਦੇ ਜੀਵ ਮੌਤ ਦੀ ਗੋਦ ਵਿਚ ਸੌਂ ਜਾਂਦੇ ਹਨ । ਇਸ ਦਾ ਕੌਣ ਜ਼ਿੰਮੇਵਾਰ ਹੈ । ਸੋਚੋ ਸੋਚੋ ????? ਇਸ ਦੇ ਅਸੀਂ ਸਾਰੇ ਜ਼ਿੰਮੇਵਾਰ ਹਾਂ । ਇਕ ਪਾਸੇ ਅਸੀਂ ਪੁੰਨ ਕਮਾਉਣ ਲਈ ਮੱਛੀਆਂ ਨੂੰ ਆਟਾ ਪਾਉਂਦੇ ਹਾਂ ਅਤੇ ਦੂਜੇ ਪਾਸੇ ਉਥੇ ਹੀ ਗੰਦਗੀ ਜਿਸ ਨਾਲ ਕਿੰਨੇ ਹੀ ਜੀਵ ਮਰਦੇ ਹਨ । ਹੁਣ ਦੱਸੋ ਅਸੀਂ ਪੁੰਨ ਕਰਦੇ ਹਾਂ ਜਾਂ ਪਾਪ????ਸੋਚ ਕੇ ਦੱਸਣਾ ।



## ਅਜੇ ਹੋਰ ਸੁਣੋ

ਜੇਕਰ ਅਸੀਂ ਪੋਲੀਥੀਨ ਕਿਸੇ ਖੇਤ ਵਿਚ ਸੁੱਟ ਦੇਈਏ ਤਾਂ ਕੀ ਹੋਵੇਗਾ ?? ਹੋਣਾ ਕੀ ਹੈ ਉਥੇ ਫ਼ਸਲ ਨਹੀਂ ਉੱਗਣੀ, ਜੇਕਰ ਫ਼ਸਲ ਨਾ ਉੱਗੀ ਤਾਂ ਅਨਾਜ ਕਿੱਥੋਂ ਆਵੇਗਾ। ਸਾਡਾ ਪੰਜਾਬ ਸੋਨੇ ਦੀ ਚਿੜੀ ਕੇਵਲ ਨਾਂ ਦੀ ਚਿੜੀ ਹੀ ਨਾ ਰਹਿ ਜਾਵੇ । ਸੋਚੋ ਲੋਕੋ ਤੇ ਸੋਚੋ ਵਿਦਿਆਰਥੀਓ, ਕੁਝ ਤਾਂ ਸੋਚੋ !!!

## ਹੁਣ ਕੀ ਕਰੀਏ

ਹੁਣ ਤੁਸੀਂ ਸੋਚੋਗੇ ਕਿ ਹੁਣ ਕੀ ਕੀਤਾ ਜਾਵੇ । ਕੋਈ ਹੱਲ ਹੈ ਇਹਨਾਂ ਸਾਰੀਆਂ ਸਮੱਸਿਆਵਾਂ ਦਾ ??? ਹਾਂ, ਬਿਲਕੁੱਲ ਇਹਨਾਂ ਸਾਰੀਆਂ ਸਮੱਸਿਆਵਾਂ ਦਾ ਹੱਲ ਵੀ ਹੈ। ਜੇਕਰ ਕੋਈ ਸਵਾਲ ਹੈ ਤਾਂ ਉਸ ਦਾ ਉੱਤਰ ਵੀ ਸੰਭਵ ਹੈ । ਪੋਲੀਥੀਨ ਦੇ ਕਿੰਨੇ ਹੀ ਨੁਕਸਾਨ ਹਨ ਪਰ ਇਹਨਾਂ ਦਾ ਬਦਲ ਵੀ ਹੈ । ਉਹ ਹੈ ਕੱਪੜੇ ਦੇ ਥੈਲੇ ਅਤੇ ਕਾਗ਼ਜ਼ ਦੇ ਲਿਫ਼ਾਫੇ । ਕੱਪੜੇ ਦੇ ਥੈਲੇ ਪੋਲੀਥੀਨ ਦੀ ਵਧਦੀ ਸੰਖਿਆ ਦਾ ਬਦਲ ਹੈ । ਕੱਪੜੇ ਦੇ ਥੈਲੇ ਨੂੰ ਅਸੀਂ ਵਾਰ ਵਾਰ ਵਰਤ ਸਕਦੇ ਹਾਂ । ਪੋਲੀਥੀਨ ਅਚਨਚੇਤ ਫੱਟ ਸਕਦੇ ਹਨ ਪਰ ਥੈਲੇ ਕਦੇ ਨਹੀਂ ਫੱਟਦੇ । ਅਸੀਂ ਬਿਨਾਂ ਕਿਸੇ ਫ਼ਿਕਰ ਤੋਂ ਕੱਪੜੇ ਦੇ ਬੈਗ ਵਿਚ ਸਮਾਨ ਰੱਖ ਘਰ ਲਿਜਾ ਸਕਦੇ ਹਾਂ ।

ਅਸੀਂ ਕਪੜੇ ਦੇ ਥੈਲਿਆਂ ਦੀ ਵਰਤੋਂ ਕਰਕੇ ਪੋਲੀਥੀਨ ਦੇ ਕਿੰਨੇ ਹੀ ਨੁਕਸਾਨ ਨੂੰ ਰੋਕ ਸਕਦੇ ਹਾਂ, ਤਾਂ ਕਿਉਂ ਨਾ ਕਰੀਏ ਕੱਪੜੇ ਦੇ ਥੈਲੇ ਦੀ ਵਰਤੋਂ । ਤਾਂ ਆਓ ਸਾਰੇ ਆਪਣੇ-ਆਪਣੇ ਘਰ ਕੱਪੜੇ ਦੇ ਥੈਲੇ ਬਣਾਈਏ ਅਤੇ ਵਰਤੋਂ ਕਰੀਏ ਤੇ ਆਂਢ-ਗੁਆਂਢ ਨੂੰ ਵਰਤੋਂ ਕਰਨ ਲਈ ਜਾਗਰੂਕ ਕਰੀਏ ।